ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੧ ਅੱਸੂ ਸੰਨ ੨੦੨੫ Monday, 06 October



ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com





(ਸਿੱਖ ਇਤਿਹਾਸ ਦੀ ਬੁੱਕਲ ‘ਚੋਂ)

## ਗੋਰਖੇ ਤੇ ਸਿੱਖ ਅਤੇ ਕਾਂਗੜੇ ਦੀ ਜੰਗ

**੧੮੦੯ ਈਸਵੀ ਦੀ ਗਲ ਹੈ ਕਿ ਗੋਰਖਿਆਂ ਨੇ ਕਾਂਗੜੇ ਤੇ ਚੜ੍ਹਾਈ ਕੀਤੀ।ਅਮਰ ਸਿੰਘ ਗੋਰਖਾ ਇਸ ਸੈਨਾ ਦਾ ਜਰਨੈਲ ਸੀ।ਦੀਵਾਨ ਅਮਰ ਨਾਥ ਲਿਖਦਾ ਹੈ ਕਿ ਪੰਜਾਹ ਹਜ਼ਾਰ ਚੋਣਵੇਂ ਸੂਰਮੇ ਉਹਦੀ ਕਮਾਨ ਵਿਚ ਸੀ ।ਸਮੁੰਦਰ ਵਾਂਗ ਠਾਠਾਂ ਮਾਰਦੀ ਸੈਨਾਂ ਕਾਂਗੜੇ ਦੇ ਲਾਗੇ ਆ ਪੁਜੀ।**ਰਾਜਾ ਸੰਸਾਰ ਚੰਦ ਆਪਣੀ ਫੌਜ ਲੈ ਕੇ ਸਾਹਮਣੇ ਆਇਆ।ਲੜਾਈ ਦਾ ਮੈਦਾਨ ਗਰਮ ਹੋ ਗਿਆ, ਕਟਾ ਵਢ ਸ਼ੁਰੂ ਹੋਈ, ਥੋੜ੍ਹੇ ਹੀ ਦਿਨਾਂ ਦੀ ਜੰਗ ਨੇ ਪ੍ਰਗਟ ਕਰ ਦਿੱਤਾ ਕਿ ਗੋਰਖਿਆਂ ਦੇ ਗੰਢਵੇਂ ਸਰੀਰ, ਤੇ ਖ਼ੂਨ ਪੀਣ ਵਾਲੀਆਂ ਖੋਖਰੀਆਂ ਦੇ ਸਾਹਮਣੇ ਸੰਸਾਰ ਚੰਦ ਦੀ ਸੈਨਾ ਦਾ ਮੈਦਾਨ ਵਿਚ ਵਧੀਕ ਚਿਰ ਲਈ ਠਹਿਰ ਕੇ ਲੜਨਾ ਅਸੰਭਵ ਹੈ।ਸੰਸਾਰ ਚੰਦ ਕਾਂਗੜੇ ਦੇ ਕਿਲੇ ਵਿਚ ਜਾ ਬੈਠਾ, ਗੋਰਖਿਆਂ ਕਿਲੇ ਨੂੰ ਘੇਰਾ ਪਾ ਲਿਆ, ਤੇ ਕਦੇ-ਕਦੇ ਦਿਨ ਜਾਂ ਰਾਤ ਵੇਲੇ ਮਾਮੂਲੀ ਜਹੀ ਠੂੰਹ ਠਾਂਹ ਹੋਣ ਤੋਂ ਬਿਨਾਂ ਲੜਾਈ ਬੰਦ ਹੋ ਗਈ।

ਕਾਂਗੜੇ ਦਾ ਰਾਜਾ ਸੰਸਾਰ ਚੰਦ ਸਮਝਦਾ ਸੀ ਕਿ ਗੋਰਖੇ ਪ੍ਰਦੇਸ਼ ਵਿਚ ਹਨ, ਖ਼ੁਰਾਕ ਦੀ ਟੋਟ ਇਹਨਾਂ ਨੂੰ ਮਜਬੂਰ ਕਰ ਦੇਵੇਗੀ ਕਿ ਉਹ ਘੇਰਾ ਚੁਕ ਕੇ ਵਾਪਸ ਚਲੇ ਜਾਣ।ਦੂਜੇ ਪਾਸੇ ਗੋਰਖੇ ਸਮਝਦੇ ਸੀ ਕਿ ਸੰਸਾਰ ਚੰਦ ਕਿਲੇ ਵਿਚ ਖਾਣ ਦਾ ਸਾਮਾਨ ਮੁਕਣ ’ਤੇ ਆਪ ਹੀ ਹਥਿਆਰ ਸੁਟਣ ਲਈ ਮਜਬੂਰ ਹੋ ਜਾਏਗਾ।ਇਹ ਲੜਾਈ ਦੋਨਾਂ ਧਿਰਾਂ ਵਲੋਂ ਇਕ ਖ਼ੁਰਾਕ ਦੇ ਮੁਕਣ ਤੇ ਨਿਰਭਰ ਰਖਦੀ ਬਣ ਗਈ ਸੀ।ਜਿਤ ਤੇ ਹਾਰ ਦਾ ਫੈਸਲਾ ਤਲਵਾਰ, ਬੰਦੂਕ, ਤੇ ਯੋਧਿਆਂ ਦੀ ਸੂਰਮਗਤੀ ਤੇ ਅਫਸਰਾਂ ਦੀ ਰਣ ਪੰਡਤਾਈ ਤੇ ਨਹੀ ਰਿਹਾ ਸੀ।

ਸੰਸਾਰ ਚੰਦ ਨੂੰ ਕਿਲੇ ਵਿਚ ਬੈਠਿਆਂ ਅਨੁਭਵ ਹੋ ਗਿਆ ਕਿ ਹੁਣ ਵਧੀਕ ਸਮੇਂ ਤਕ ਖ਼ੁਰਾਕ ਦਾ ਜ਼ਖੀਰਾ ਸਾਥ ਨਹੀਂ ਦੇਵੇਗਾ ।ਲੜਾਈ ਲੜ ਕੇ ਉਹ ਵੇਖ ਹੀ ਚੁਕਾ ਸੀ।ਹੁਣ ਉਸ ਨੂੰ ਆਪਣਾ ਭਵਿਸ਼ਤ ਅੰਧ ਅੰਧਾਰ ਤੇ ਧੁੰਦੂਕਾਰ ਦਿਸਿਆ।ਸੋਚ ਵਿਚਾਰ ਮਗਰੋਂ ਆਪਣੀ ਸਲਾਮਤੀ ਕਿਸੇ ਦੀ ਸਹਾਇਤਾ ਵਿਚ ਦਿਸੀ, ਪ੍ਰੰਤੂ ਚਾਰੇ ਪਾਸੇ ਨਜ਼ਰ ਫੇਰੀ, ਕੋਈ ਹਿੰਦੂ ਰਾਜਾ ਉਹਦੀ ਨਜ਼ਰੀ ਨਾ ਪਿਆ, ਜੋ ਇਸ ਔਖ ਵੇਲੇ ਇਹਦੀ ਬਾਂਹ ਫੜ ਸਕੇ ।ਆਖਰ ਉਹਦੀ ਨਜ਼ਰ ਲਾਹੌਰ ਦਰਬਾਰ ਵਲ ਝੁਕੀ ਤੇ ਆਪਣੇ ਭਰਾ ਫਤਹ ਸਿੰਘ ਨੂੰ ਸ਼ੇਰੇ ਪੰਜਾਬ ਪਾਸ ਭੇਜਿਆ ਤਾਂ ਕਿ ਉਹ ਖਾਲਸੇ ਦੀ ਮਦਦ ਲਈ ਯਾਚਨਾ ਕਰੇ ।

ਸ਼ੇਰੇ ਪੰਜਾਬ ਨੇਂ ਫਤਹ ਸਿੰਘ ਦੀ ਜ਼ਬਾਨੀ ਸਾਰੀ ਵਿਥਿਆ ਸੁਣੀ।ਗਵਾਂਢੀ ਦੀ ਸਹਾਇਤਾ ਕਰਨ ਵਿਚ ਉਹਨਾਂ ਨੂੰ ਕਦ ਸੰਕੋਚ ਹੋ ਸਕਦਾ ਸੀ, ਪਰੰਤੂ ਜੇ ਸੋਚ ਸੀ ਤਾਂ ਇਸ ਗਲ ਦੀ ਕਿ ਪੰਜਾਹ ਹਜ਼ਾਰ ਸੈਨਾ ਦੇ ਮੁਕਾਬਲੇ ਤੇ ਜੇਹੜਾ ਲਸ਼ਕਰ ਭੇਜਿਆ ਜਾਏਗਾ, ਉਹਦਾ ਖਰਚ ਖ਼ੁਰਾਕ ਕੌਣ ਦੇਵੇਗਾ।ਸੰਸਾਰ ਚੰਦ ਪਾਸ ਬਹੁਤ ਧਨ ਸੀ ਹੀ ਨਹੀ ਜੋ ਦੇ ਦੇਂਦਾ ।ਆਪਸ ਦੀ ਵਿਚਾਰ ਮਗਰੋਂ ਇਹ ਫੈਸਲਾ ਹੋਇਆ ਕਿ ਸੰਸਾਰ ਚੰਦ ਦੀ ਜੰਗੀ ਸਹਾਇਤਾ ਲਈ ਗਈ ਫੌਜ ਦੇ ਖਰਚ ਵਜੋਂ ਕਾਂਗੜੇ ਦਾ ਕਿਲਾ ਸ਼ੇਰੇ ਪੰਜਾਬ ਨੂੰ ਦਿੱਤਾ ਜਾਏ । ਸੰਸਾਰ ਚੰਦ ਨੇ ਇਹ ਗਲ ਪ੍ਰਵਾਨ ਕਰ ਲਈ, ਸ਼ੇਰੇ ਪੰਜਾਬ ਨੇ ਸੈਨਾ ਨੂੰ ਤਿਆਰੀ ਦਾ ਹੁਕਮ ਦਿੱਤਾ ਤੇ ਮਈ ਦੇ ਅਖੀਰਲੇ ਦਿਨਾਂ ਵਿਚ ਆਪ ਕਾਂਗੜੇ ਜਾ ਪੁਜੇ ।

ਕਾਂਗੜੇ ਦੀ ਜੰਗ :- ਸ਼ੇਰੇ ਪੰਜਾਬ ਦੀ ਫੌਜ ਕਾਂਗੜੇ ਪੁੱਜੀ।ਜਿਸ ਵੇਲੇ ਇਹਨਾਂ ਦੇ ਆਉਣ ਦੀ ਖ਼ਬਰ ਅਮਰ ਸਿਹੁੰ ਗੋਰਖੇ ਨੂੰ ਪੁੱਜੀ ਤਦ ਉਸਨੇ ਅਮਰ ਸਿਹੁੰ ਥਾਪੇ ਦੇ ਰਾਹੀ ਸੁਨੇਹਾ ਭੇਜਿਆ ਕਿ ਕੁਝ ਲੱਖ ਰੁਪਏ ਗੋਰਖਿਆਂ ਦਾ ਰਾਜਾ ਦੇਣ ਨੂੰ ਤਿਆਰ ਹੈ ਜੇ ਆਪ ਇਥੋਂ ਵਾਪਸ ਚਲੇ ਜਾਓ।ਸ਼ੇਰੇ ਪੰਜਾਬ ਨੇ ਇਸ ਤਰ੍ਹਾਂ ਲਾਲਚ ਵਿਚ ਪੈ ਕੇ ਮਦਦ ਦੇਣ ਦੇ ਇਕਰਾਰ ਨੂੰ ਛੱਡਣਾ ਪਸੰਦ ਨਾ ਕੀਤਾ।ਆਪ ਚਾਹੁੰਦੇ ਸਨ ਕਿ ਕਾਂਗੜੇ ਦੇ ਕਿਲੇ ਤੇ ਕਬਜ਼ਾ ਕਰ ਕੇ ਫਿਰ ਗੋਰਖਿਆਂ ਨਾਲ ਜੰਗ ਕੀਤੀ ਜਾਵੇ ।ਸੰਸਾਰ ਚੰਦ ਨੂੰ ਕਿਲਾ ਖਾਲੀ ਕਰਨ ਲਈ ਕਿਹਾ ਗਿਆ।ਉਸਨੇ ਪਤਾ ਨਹੀ ਕਿਉ ਅੱਖਾਂ ਬਦਲ ਲਈਆਂ ਤੇ ਕਹਿਣ ਲੱਗਾ ਕਿ ‘ਇਤਨੀ ਜਲਦੀ ਕਿਯਾ ਪੜੀ ਹੈ, ਜਦ ਗੋਰਖਾ ਫੌਜ ਕਾਂਗੜਾ ਸੇ ਵਾਪਸ ਚਲੀ ਜਾਏਗੀ ਵੋ ਫੌਰਨ ਕਿਲਾ ਮਹਾਰਾਜ ਕੇ ਹਵਾਲੇ ਕਰ ਦੇਗਾ।’ ਲੇਕਿਨ ਰਣਜੀਤ ਸਿੰਘ ਇਸ ਚਾਲ ਵਿਚ ਕਦੋਂ ਆਉਣ ਵਾਲਾ ਸੀ।ਸ਼ੇਰੇ ਪੰਜਾਬ ਹੁਣ ਸੋਚਾਂ ਵਿਚ ਪੈ ਗਿਆ।ਬਿਗਾਨੀ ਥਾਂ ਲੜਨ ਵਾਸਤੇ ਫੌਜ ਲੈ ਆਇਆ ਹੈ। ਜਿਸ ਦੀ ਮਦਦ ਲਈ ਆਇਆ ਹਾਂ, ਉਹ ਅਗੋਂ ਚਾਲ ਚਲਕੇ ਗੱਲਾਂ ਨਾਲ ਟਕਰਾਣਾ ਚਾਹੁੰਦਾ ਹੈ, ਖੁਲ੍ਹੇ ਮੈਦਾਨ ਲੜਨਾ ਜਾਨਾਂ ਦਾ ਨੁਕਸਾਨ ਕਰਨਾ ਹੈ।ਆਪ ਦੀ ਪੇਸ਼ੀ ਵਿਚ ਕਾਂਗੜੇ ਦੇ ਰਾਜਾ ਦਾ ਲੜਕਾ ਅਨਰੋਧ ਚੰਦ ਸੀ, ਇਸ ਨੂੰ ਨਜ਼ਰਬੰਦ ਕਰ ਦਿਤਾ।ਹੁਣ ਸੰਸਾਰ ਚੰਦ ਕਿਲਾ ਖਾਲੀ ਕਰਨ ਲਈ ਤਿਆਰ ਹੋ ਗਿਆ ਤੇ ੨੪ ਅਗਸਤ ੧੮੦੯ ਨੂੰ ਮਹਾਰਾਜਾ ਦੇ ਕਿਲਾ ਕਾਂਗੜੇ ਤੇ ਕਬਜ਼ਾ ਕਰ ਲਿਆ।

ਸ਼ੇਰੇ ਪੰਜਾਬ ਨੇ ਕਾਂਗੜੇ ਦੇ ਗਿਰਦੇ ਦੀਆਂ ਰਿਆਸਤਾਂ ਦੇ ਨਾਮ ਹੁਕਮ ਜਾਰੀ ਕੀਤਾ ਕਿ ਇਹਨਾਂ ਰਿਆਸਤਾਂ ਦੇ ਵਿਚਲੇ ਰਸਤਿਆਂ ਤੋਂ ਗੋਰਖਿਆਂ ਦਾ ਸਾਮਾਨੇ ਜੰਗ ਤੇ ਰਸਦ ਆਉਂਦੀ ਹੈ, ਉਹ ਬੰਦ ਕਰ ਦਿਤੇ ਜਾਣ।ਸੋ ਅਜਿਹਾ ਹੀ ਹੋਇਆ।ਹੁਣ ਸ਼ੇਰੇ ਪੰਜਾਬ ਨੇ ਗੋਰਖਿਆਂ ਤੇ ਹੱਲਾ ਕੀਤਾ।ਗੋਰਖਿਆਂ ਦੇ ਪਹਿਲੇ ਮੋਰਚੇ ਕਾਂਗੜੇ ਦੇ ਕਿਲੇ ਤੋਂ ਇਕ ਮੀਲ ਦੀ ਵਿਥ ਤੇ ਸਨ ।ਉਹਨਾਂ ਤੇ ਕਬਜ਼ਾ ਕਰ ਲਿਆ, ਭਿਆਨਕ ਜੰਗ ਸ਼ੁਰੂ ਹੋ ਗਈ, ਗੋਰਖੇ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਣ ਲਈ ਜਾਨ ਤੋੜ ਕੇ ਲੜਨ ਲੱਗੇ, ਕਾਂਗੜੇ ਦੀਆਂ ਪਹਾੜੀਆਂ ਖ਼ੂਨ ਨਾਲ ਨਹਾਉਣ ਲਗੀਆਂ, ਅੰਤ ਗੋਰਖਿਆਂ ਦੇ ਪੈਰ ਉਖੜ ਗਏ ਤੇ ਇਹ ਮੋਰਚਾ ਖਾਲਸੇ ਦੇ ਕਬਜ਼ੇ ਵਿਚ ਆ ਗਿਆ।

‘ਗਨੇਸ਼’ ਨਾਮ ਦੀ ਘਾਟੀ ’ਤੇ ਗੋਰਖਿਆਂ ਨੇ ਅੜ ਕੇ ਜੰਗ ਕਰਨੀ ਚਾਹੀ ਤੇ ਪਹਿਲੀ ਲੜਾਈ ਦੀ ਭਾਂਜ ਤੋਂ ਲੱਗੀ ਕਾਲਖ ਨੂੰ ਧੋਣ ਵਾਸਤੇ ਉਹਨਾਂ ਨੇ ਉਥੇ ਕੋਈ ਕਸਰ ਬਾਕੀ ਨਾ ਛੱਡੀ।ਕੌਮੀ ਆਣ ਕਾਇਮ ਰੱਖਣ ਵਾਸਤੇ ਪੁਰਜ਼ੋਰ ਜੰਗ ਕੀਤੀ, ਖ਼ੂਨ ਦੀਆਂ ਨਦੀਆਂ ਵਗ ਤੁਰੀਆਂ, ਲੋਥਾਂ ਦੇ ਢੇਰਾਂ ਨਾਲ ਗਾਰਾਂ ਭਰ ਗਈਆਂ ਤੇ ਕਈ ਥਾਵੀ ਨਵੇਂ ਪਹਾੜ ਬਣ ਗਏ।ਗੋਲੀਆਂ ਤੋਂ ਪਿਛੋਂ ਤਲਵਾਰਾਂ ਦੀ ਨੌਬਤ ਪੁੱਜੀ।ਦੋਵੇਂ ਧਿਰਾਂ ਆਪਣੇ ਜੌਹਰ ਦੱਸਣ ਲਈ ਅੱਗੇ ਵੱਧ ਰਹੀਆਂ ਸਨ ਪਰ ਗੋਰਖੇ ਸਿਪਾਹੀ ਲੰਮੇ ਕਦ ਵਾਲੇ ਸਿਖਾਂ ਦੀ ਲੰਮੀ ਤਲਵਾਰ ਦੀ ਛਾਵੇਂ ਨਾ ਠਹਿਰ ਸਕੇ।ਉਹਨਾਂ ਦੀਆਂ ਖੋਖਰੀਆਂ ਖਾਲਸੇ ਦੀਆਂ ਚਮਕੀਲੀਆਂ ਤਲਵਾਰਾਂ ਦੇ ਸਾਹਮਣੇ ਰਾਤ ਦੇ ਹਨੇਰੇ ਵਾਂਗ ਮਧਮ ਪੈ ਗਈਆਂ।ਗੋਰਖੇ ਇਕਦਮ ਪਿਛੇ ਹਟੇ ਤੇ ਨੱਸ ਟੁਰੇ ।ਮੈਦਾਨ ਖਾਲਸੇ ਦੇ ਹੱਥ ਵਿਚ ਰਿਹਾ

ਅਮਰ ਸਿਹੁੰ ਗੋਰਖੇ ਨੇ ਭਾਂਜ ਖਾ ਕੇ ਸ਼ੇਰੇ ਪੰਜਾਬ ਅਗੇ ਦਰਖ਼ਾਸਤ ਕੀਤੀ ਕਿ ਅਸੀਂ ਪਰਦੇਸੀ ਹਾਂ।ਲਸ਼ਕਰ ਦਾ ਹੌਸਲਾ ਟੁੱਟ ਗਿਆ ਹੈ, ਘਰ ਦੂਰ ਹਨ, ਜੇ ਭਾਰ ਬਰਦਾਰੀ ਦਾ ਕੁਛ ਪ੍ਰਬੰਧ ਕਰ ਦਿਓ ਤਾਂ ਬੜੀ ਕਿਰਪਾ ਹੋਵੇਗੀ।ਸ਼ੇਰੇ ਪੰਜਾਬ ਨੇ ਬੜੀ ਹਮਦਰਦੀ ਨਾਲ ਇਹ ਸਾਰਾ ਪ੍ਰਬੰਧ ਅਮਰ ਸਿਹੁੰ ਦੀ ਇੱਛਾ ਨਾਲ ਕਰ ਦਿਤਾ।

ਸ਼ੇਰੇ ਪੰਜਾਬ ਇਸ ਫ਼ਤਹਿ ਦੇ ਪਿਛੋਂ ਕਾਂਗੜੇ ਵਿਚ ਸ਼ਾਹੀ ਦਰਬਾਰ ਪੁੱਜਾ।ਕਾਂਗੜਾ, ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰ, ਜਸਰੋਟਾ, ਬਸੋਹਲੀ, ਮਾਨਕੋਟ, ਜਸਵਾਂ, ਮੰਡੀ ਤੇ ਸੁਕੇਤ ਆਦਿਕ ਪਹਾੜੀ ਰਾਜੇ ਨਜ਼ਰਾਨਾ ਲੈ ਕੇ ਹਾਜ਼ਰ ਹੋਏ ।ਸਰਦਾਰ ਦੇਸਾ ਸਿੰਘ ਮਜੀਠਾ ਨੂੰ ਇਸ ਇਲਾਕੇ ਦੇ ਪ੍ਰਬੰਧ ਵਾਸਤੇ ਨੀਯਤ ਕੀਤਾ ਤੇ ਪਹਾੜਾ ਸਿੰਘ ਇਹਨਾਂ ਦੇ ਹੇਠ ਨਾਜ਼ਮ ਨੀਯਤ ਹੋਇਆ।

**( ਉਪਰੋਕਤ ਲਿਖਤ ਅਸੀਂ ਲਿਖਾਰੀ ਵੱਲੋਂ ਲਿਖੀ ਪੁਰਾਤਨ ਪੰਜਾਬੀ ਵਿਚ ਹੂਬਹੂ ਦਿੱਤੀ ਹੈ- ਸੰਪਾਦਕ)**

***ਭਾਈ ਸਾਹਿਬ ਭਾਈ ਵੀਰ ਸਿੰਘ ਜੀ***

# Do Not Underestimate the Strength of the Sikhs

***Gurpreet Singh (Editor, Khalsa Akhbaar)***



Sachkhand Sri Harmandir Sahib is the central shrine of the Sikh nation — the very heart of Sikh faith and devotion. Throughout history, Sikhs have sacrificed their lives to uphold its honor, dignity, and sanctity. No Sikh can ever tolerate any form of desecration of Sri Harmandir Sahib.

A striking example of this was in June 1984, when Indira Gandhi ordered armed forces to attack Sri Harmandir Sahib, causing widespread destruction. In response, brave Sikh warriors showed her the path to the next world.Recently, through the misuse of artificial intelligence (AI) technology, certain malicious elements have attempted to depict animals entering and desecrating Sachkhand Sri Harmandir Sahib. This act represents an extremely vile conspiracy by anti-Panthic forces. Sikhs will never tolerate any such attempt to insult their supreme spiritual center through AI manipulation.The entire Sikh Panth and community have taken this matter with the utmost seriousness and are making every effort to trace those responsible. Although their identities have not yet been revealed, should such individuals be uncovered in the future, the Panth will ensure they are punished in accordance with Panthic traditions.This is also a direct warning to such people: desist from these actions and do not underestimate the strength of the Sikhs.Sachkhand Sri Harmandir Sahib is a place that conveys the eternal message of unity and harmony. It is not only the spiritual nucleus of Sikhs but also a shared heritage for the entire world. Every individual must show the utmost respect to this sacred site of the Sikh faith.

# Kara-FETTERS OF FREEDOM

Kara, one of the five kakars of the Sikhs, is neither an ornament nor a tool, but is a blessed gift from Lord, the Tenth Master Guru Gobind Singh ji. Alas, this great gift to the humanity has either been ignored or has not been appreciated in its true spirit. Kara symbolises dignity, equality, independence and emancipation from slavery. Whether it is known to the world or not but it can be termed with certainty, that it is the prelude to the Charter of the UNO or the foundation stone of the human rights' movements in the world.Guru Nanak Dev ji, the founder of the Khalsa Panth was born in year 1469 in Punjab, the land of five rivers. Coincidentally this was the same year when in the west Machiavelli was also born.This was the time when the Indian society was cursed with four divisions on the basis of birth in a particular clan. Vast majority was termed as shudras, or so-called lower castes. The biggest challege that the Guru faced at that time was to ensure the upliftment of vast majority of the people who were facing blood-stained subjugation, torture, humiliation, and deprivation, not on the basis of their ethnicity, colour, gender, knowledge, race or region, but the birth in the house of a shudra.That was the time when the alleged low castes were deprived of their right to enter or participate in the temples of learning, and temples of religious prayers. A human being deprived of these two gifts will become and behave in a manner less than human beings. In older times the cursed were branded or forced to live in ghettos. Perpetuating and implementing his thoughts Manu, founding father of the socio-religious laws of Hindus, pronounced that the low caste shudras should wear the black-iron ornaments.

वासांसि मृतचैलानि भिन्नभाण्डेषु भोजनम्

।काष्णायसमलंकारः परिवज्या च नित्यतः॥ ५२॥

Their dress (shall be) the garments of the dead, (they shall eat) their food from broken dishes, black iron (shall be) their ornaments, and they must always wander from place to place. [Manu Smriti-Chapter X, canto 52.]This was not acceptable and detested to the founder of Sikhism, Guru Nanak Dev ji. In absolute humility and humbleness, he categorically declared and identified himself with the lowest of the low by saying,

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪ ॥੩॥

(ਗੁ.ਗ੍ਰੰ.ਸਾ. ਸਿਰੀਰਾਗੁ, ਮ:੧)

Nanak seeks the company of the lowest of the low class, the very lowest of the low. Why should he try to compete with the great? In that place where the lowly are cared for-there, the Blessings of Your Glance of Grace rain down. ||4||3||(Guru Granth Sahib, Siri Rag, M:1)This message was carried to its logical ends by the Tenth Master, Guru Gobind Singh when he initiated the Khalsa Panth by bestowing Amrit (nectar). In order to de-brand the so-called shudras and to bestow divine acceptance to all he directed every Sikh to always wear kara (black iron bangle like ornament) on the wrist.Kara thus became a divine hand-cuff reminding the adherent of his obligation to follow the diktats and desist from prohibited commands. Renowned scholar and professor of Punjabi University Kirpal Kazaq who has had no formal education and had been in proximity with the worst and most nefarious professions, in his first meeting with the Vice Chancellor and team of professors of the University shocked them by saying that their dictionaries are full of inaccuracies. When asked to prove it, he asked them to open any page of the dictionary published by the University. The entry which appeared there was "kara- which is worn on hand." Vice Chancellor asked him what is wrong with it. Kazaq's criptique critique reply was that kara is worn on wrist and not on hand.To look for material benefits or comforts from kara is belittling its true message. Once a student of Khalsa College, Amritsar asked Master Tara Singh, veteran gursikh leader, "what is the advantage of wearing a kara?" Master Tara Singh replied, "there is no benefit for you". Shocked student asked, "and it is beneficial to you?". Masterji replied in the



affirmative.When asked further Master Tara Singh's reply was terse and pointed. He explained that you are trying to look into the kara that if you wear it you will get some benefits or may get more marks in exams. Nothing of the sort is going to happen. But to me it is a constant and inspirational reminder that those who had this kara on their wrists had their skull ripped off with a chisel, were cut bit by bit, were boiled alive and baked on hot plates. To me this is a reminder that if I wear it I may be blessed this way for my commitment to my Guru. The importance of a Kara on the wrist of a Sikh can be visualised from the following words of a spiritual philosopher and scientist Prof. Puran Singh."I heard a stupid Sikh preacher the other day, trying to convince a mass gathering of the Sikhs that the iron ring of the Guru worn on the wrist is a protection against lightning. He said, as large buildings are made safe against lightning by a rod of iron, so the Guru has saved man from the stroke of lightning. He was hopelessly flinging his arms up and down to gather some straw of a reason to prove the rationale of the iron ring the Guru gave us as a gift. Coming to us from our personal God, dearer to us than our mother, father, sister or sweetheart, it comes to us as His Gift, as His Blessing, Fie on our manners that we argue over and over about it. He touched my hair and I keep it; when I toss my arm up in the air and the iron ring shines, I am reminded of His wrist that wore it - One exactly like this. Is this arm, by some stray gleam of the iron ring on my wrist, His? Other religions live in an elaborated symbolism; I the Sikh have no religion. He loved me, he made me His own. The sword is the mind where the Guru lives. The iron ring is the sign of His remembrance. The tresses of hair are as clouds round a snow peak - they always gather, gather they always rain, rain. In my sacred tresses flow Ganga, Jamna and Godavari.

Have I got the comb, the Guru gave me? Have I got His other gifts? I may have lost them. But I cannot lose my tresses, I cannot lose my iron ring. Because, you remember how He called His disciple Bhai Gurdas from Benaras. The disciples went as bidden and brought him with his hands bound with a string from Benares to Amritsar. Once the call of the Master was answered thus. Each one of us is called. We are of His spiritual militia. We have to wear the ring which is His gift, and we are the prisoners of infinite love. These are the fetters of love, the price of our freedom.

Each Sikh wears hair and the beard of Guru Gobind Singh. We are molded in His image."A rand-mund-naar (3) friend of mine K D Singh who used to wear a gold kara narrated a nightmare of his meeting with Bhai Ranjit Singh, the then Jathedar of Akal Takhat Sahib. He said Bhai Ranjit Singh asked him to show his gold kala, which K D obliged. He pulled out his kara and gave it over to the Jathedar. Bhai Ranjit Singh kept that in his shirt pocket and pulled out an iron kara and handed it over to KD. KD says he was so dumb stuck that neither he could say anything nor could he muster the courage to snatch it from Bhai Ranjit Singh. After some time he could say only this to the Jathedar that he is going to get worst thrashing from his wife.

Bhai Ranjit Singh smiled and returned his gold kara on the condition that he will never wear it.So kara in the hands of a Sikh is an article of faith and commitment to the society and should be honored and appreciated like that.

It is neither an ornament nor a superstitious symbol. It is certainly a vocal and potent sign of commitment to the human rights of the entire humanity.

**Gurcharajit Singh Lamba**
**Email: santsipahi@gmail.com**

# Warm and respectful greetings with Gur Fateh to all the Gursikh Sangat of England

Waheguru Ji Ka Khalsa, Waheguru Ji Ki Fateh JiFor a long time, it had been a heartfelt desire that, if blessed with the opportunity, we might meet the beloved Sangat in England.By the infinite grace of Guru Sahib Ji, this long-cherished wish was fulfilled. From 15th September to 28th September, we were blessed with nearly fifteen wonderful days in the holy company of the Sangat.During this sacred journey, we were honored to meet and have darshan (holy presence) of the Sangat in various cities including Derby, Leicester, Stoke, Birmingham, Walsall, Wolverhampton, Willenhall, and others. Thanks to the love and affection of many families, we were also blessed to visit their homes. The love we received from the Sangat is beyond words—truly, we have no words to express such boundless affection.With folded hands, we offer our deepest thanks to Guru Patshah Ji, who, out of His supreme grace, bestowed this honor upon such humble servants. From the depths of our hearts, we remain grateful to all the Gursikh congregations who blessed us and treated us as humble sweepers of Guru Ji's house.We are especially thankful to Bhai Jeetinder Singh Ji, who beautifully prepared the itinerary for this journey, as well as Bhai Sandeep Singh Ji, Bhai Jagdeep Singh Ji, and Bhai Kuljit Singh Ji from Derby, who were always present to assist us with seva (service).Despite the busy and demanding lifestyles in England, the Sangat and organizers showered us with endless love and care.The darshan of the sacred places associated with Vadde Sant Ji Maharaj Sant Isher Singh Ji Rara Sahib and Sant Maharaj Baba Bhagwan Singh Ji of Rara Sahib Begowal brought a deep sense of completion and fulfillment to our journey. Visiting the holy sites where these great saints departed for Sachkhand (the Eternal Abode) was truly a priceless blessing.We extend our heartfelt thanks to Sant Baba Anahadraj Singh Ji and all the sevadars (volunteers) of Gurdwara Gurpanth Prakash


Joga Singh (RamuThiara Hoshiarpur)

Sahib, for their love and honor, as well as to Bhai Sahib Bhai Oankar Singh Ji, the Mukh Sewadar of Gurdwara Gurpanth Prakash, Leicester. We are equally grateful to the sevadars at the sacred place of the great saint Sant Baba Jaswant Singh Ji, Gurdwara Nanaksar, Samrala Chowk, Ludhiana, who has merged into Sachkhand.We also bow in gratitude for the countless blessings received from Sant Baba Mahinder Singh Ji Mukhi of Gurdwara Isher Prakash Begowal and Sant Baba Juginder Singh Ji Dumeli.This journey has left us with countless priceless memories that will remain forever in our hearts.In the end, in the presence of the True Lord (Waheguru Ji), we humbly pray for the continued Chardikala (spiritual and worldly prosperity) of all the Sangat and devotees. On behalf of myself and my group, I seek forgiveness for any mistakes or shortcomings that may have occurred during this journey.May you all live peacefully with your families.May the Divine Name of Waheguru forever dwell in every heart.With countless expressions of gratitude,Your humble servant and seeker of the dust of your feet,

# ਕਿਆ ਤੁਸੀਂ ਸੁੱਤੇ ਰਹੋਗੇ ?



ਗਿਆਨੀ ਦਿੱਤ ਸਿੰਘ

ਜਦ ਅਸੀਂ ਇਸ ਅਮਨ ਦੇ ਜ਼ਮਾਨੇ ਵੱਲ ਦੇਖਦੇ ਹਾਂ ਤਦ ਏਹੋ ਪਾਉਂਦੇ ਹਾਂ ਕਿ ਹਰ ਇਕ ਕੌਮ ਨੇ ਇਸ ਸਮਯ ਵਿਚ ਇਸ ਕਦਰ ਆਪਨੇ ਆਪ ਨੂੰ ਸੰਭਾਲ ਲੀਤਾ ਹੈ ਜਿਸ ਪ੍ਰਕਾਰ ਕੋਈ ਸੁੱਤਾ ਪਿਆ ਮੁਸਾਫਿਰ ਆਪਨੇ ਅਸਬਾਬ ਨੂੰ ਜਾਗ ਕੇ ਸਾਂਭ ਲੈਂਦਾ ਹੈ।ਹਰ ਇਕ ਕੌਮ ਨੇ ਅਪਨੇ ਜ਼ਿੰਦਾ ਰਹਨੇ ਦਾ ਉਪਾਉ ਸੋਚਨੇ ਆਰੰਭ ਕਰ ਦਿੱਤੇ ਹਨ ਅਤੇ ਹਰ ਇਕ ਨੇ ਅਪਨੇ ਧਰਮ ਦੀਆਂ ਸਿੱਖਿਆਵਾਂ ਹਰ ਇਕ ਪੁਰਖ ਪਰ ਪ੍ਰਗਟ ਕਰਨ ਲਈ ਲੱਕ ਬੰਨ੍ਹ ਲੀਤਾ ਹੈ।

ਅਸੀਂ ਇਸ ਬਾਤ ਨੂੰ ਭੀ ਕਹਿ ਦੇਨਾ ਬੁਰਾ ਨਹੀਂ ਮੰਨਦੇ ਕਿ ਹਰ ਇਕ ਸਮੇਂ ਵਿਚ ਹਰ ਤਰ੍ਹਾਂ ਨਾਲ ਉਪਦੇਸ ਯਾ ਧਰਮ ਫੈਲਾਉਨ ਦਾ ਢੰਗ ਹੁੰਦਾ ਹੈ ਸੋ ਉਹ ਓਸੇ ਤਰ੍ਹਾਂ ਸਾਰੇ ਸੰਸਾਰ ਪਰ ਉਸ ਧਰਮ ਦੀ ਉੱਨਤੀ ਕਰ ਜਾਂਦੀ ਹੈ, ਜਿਸ ਤਰ੍ਹਾਂ ਹਿੰਦੂਆਂ ਦੇ ਮੰਦਰਾਂ ਵਿਚ ਸੰਖ ਬਜਾ ਕੇ ਮੰਦਰਾਂ ਵਿਚ ਲੋਕਾਂ ਨੂੰ ਇਕੱਠੇ ਕੀਤਾ ਜਾਂਦਾ ਸੀ ਅਰ ਓਥੇ ਕਥਾ ਸਿੱਖਿਆ ਪੰਡਤ ਹਰ ਇਕ ਆਦਮੀ ਨੂੰ ਆਪੋ ਅਪਨੀ ਵਰਨਾਸ਼ਰਮ ਦੇ ਰਸਤੇ ਪਰ ਚਲਾਉਂਦਾ ਜਿਸ ਤੇ ਹਿੰਦੂ ਧਰਮ ਅੱਜ ਤੱਕ ਠੇਡੇ ਖਾਂਦਾ ਚਲਿਆ ਆਇਆ ਹੈ।

ਇਸੇ ਤਰ੍ਹਾਂ ਮੁਸਲਮਾਨਾਂ ਨੇ ਅਪਨੇ ਦੀਨ ਵਿਚ ਸੰਸਾਰ ਪਰ ਮਸੀਤਾਂ ਦੇ ਵਿਚ ਬਾਂਗਾਂ ਦੇ ਕੇ ਕਾਜ਼ੀਆਂ ਨੇ ਜਹਾਦ ਦੇ ਮਸਲੇ ਤੇ ਗਾਜ਼ੀਪਨ ਦੇ ਫਤਵੇ ਦੇ ਕੇ ਐਥੋਂ ਤੱਕ ਫੈਲਾ ਦਿੱਤਾ ਹੈ ਜੋ ਦੁਨੀਆਂ ਪਰ ਇਸ ਦਾ ਜਲਾਲ ਹੋਈ ਜਾਂਦਾ ਹੈ ਅਤੇ ਇਸੀ ਤਰ੍ਹਾਂ ਫੈਲ ਰਿਹਾ ਹੈ।ਇਸ ਮਜ਼ਹਬ ਦੇ ਅਮੀਰਾਂ ਅਰ ਧਨਵਾਨਾਂ ਨੇ ਧਨ ਦੇ ਕੇ ਅਰ ਤਲਵਾਰ ਦੇ ਨਾਲ ਦੀਨ ਉੱਨਤੀ ਕੀਤੀ ਅਰ ਉਨਾਂ ਨੇ ਨਮਾਜ਼ਾਂ ਅਤੇ ਕੁਰਾਨ ਦੇ ਪ੍ਰਚਾਰ ਨਾਲ ਵਧਾਇਆ।ਇਸ ਤੇ ਬਿਨਾਂ ਇਹਨਾਂ ਦੇ ਭੰਡਾਂ ਨੇ ਭੀ ਦੀਨਦਾਰ ਬਨਾ ਕੇ ਅਪਨੇ ਖ਼ਯਾਲ ਮੁਜਬ ਉੱਨਤੀ ਕੀਤੀ ਅਤੇ ਅੱਜ ਤੱਕ ਕਰ ਰਹੇ ਹਨ।

ਇਸੇ ਤਰ੍ਹਾਂ ਈਸਾਈ ਕੌਮ ਨੇ ਤਾਂ ਇਕ ਅਜੇਹਾ ਸੀਗਾ ਨਿਕਾਲਯਾ ਹੈ ਜੋ ਹਰ ਇਕ ਅੱਛਾ ਅਫਸਰ ਅਰ ਹਰ ਇਕ ਯੂਰਪੀਅਨ ਈਸਾਈ ਬਨਾਉਨ ਲਈ ਇਕ ਖਰਾਇਤੀ ਚੰਦਾ ਜਮ੍ਹਾਂ ਕਰ ਰਿਹਾ ਹੈ ਜੋ ਲੱਖਾਂ ਰੁਪਾਂ ਜਮ੍ਹਾਂ ਹੋ ਕੇ ਮਿਸ਼ਨਰੀਆਂ ਨੂੰ ਦਿੱਤਾ ਜਾਂਦਾ ਹੈ, ਜਿਸ ਦੇ ਪ੍ਰਤਾਪ ਵੱਡੇ-ਵੱਡੇ ਲਾਟ ਪਾਦਰੀ ਅਰ ਵੱਡੀਆਂ-ਵੱਡੀਆਂ ਨੌਜੁਆਨ ਮਿੱਸਾਂ ਤਨਖਾਹਾਂ ਪਾ ਕੇ ਦੀਨ ਈਸ਼ੀ ਦਾ ਡੰਕਾ ਬਜਾ ਰਹੀਆਂ ਹਨ।ਅੱਜ ਤੱਕ ਉਨ੍ਹਾਂ ਦੀਆਂ ਰਪੋਟਾਂ ਪੜਨ ਤੇ ਮਾਲੂਮ ਹੋ ਜਾਂਦਾ ਹੈ ਕਿ ਕਿਤਨੇ ਕੁ ਹਜ਼ਾਰ ਆਦਮੀ ਨੂੰ ਇਨ੍ਹਾਂ ਨੇ ਸਾਲ ਦੇ ਅੰਦਰ-ਅੰਦਰ ਹੀ ਮਸੀਹੀ ਬਨਾ ਛੱਡਿਆ ਹੈ।ਹੋਰ ਈਸਾਈਆਂ ਦਾ ਹਾਲ ਛੱਡ ਕੇ ਜਦ ਅਸੀਂ ਮੁਕਤੀ ਫੌਜ ਦਾ ਕੰਮ ਦੇਖਦੇ ਹਾਂ ਤਾਂ ਪੰਜਾਹ ਹਜ਼ਾਰ ਦੁਨੀਆਂ ਦੀ ਦੁਰਾਚਾਰ ਇਸਤ੍ਰੀਆਂ ਨੂੰ ਇਨ੍ਹਾਂ ਨੇ ਸੁਧਾਰ ਦਿੱਤਾ ਪਾਉਂਦੇ ਹਾਂ।

ਇਨ੍ਹਾਂ ਸਾਰੀਆਂ ਕੌਮਾਂ ਦੀ ਵੱਲ ਜਦ ਅਸੀਂ ਦੇਖਦੇ ਹਾਂ ਤਦ ਏਹੋ ਪਾਉਂਦੇ ਹਾਂ ਕਿ ਇਨ੍ਹਾਂ ਨੇ ਅਪਨੇ ਅਟਲ ਰੱਖਨ ਲਈ ਬਹੁਤ ਕੁਛ ਕੀਤਾ ਅਰ ਕਰ ਰਹੀਆਂ ਹਨ, ਪਰੰਤੂ ਜਦ ਅਸੀਂ ਖਾਲਸਾ ਕੌਮ ਵੱਲ ਖਯਾਲ ਕਰਦੇ ਹਾਂ ਤਦ ਕਿਆ ਦੇਖਦੇ ਹਾਂ ਕਿ ਇਹ ਸਾਰੇ ਪਾਯਾਂ ਤੇ ਸੁੱਤੀ ਪਈ ਹੈ, ਕਿਉਂਕਿ ਇਸ ਕੌਮ ਵਿਚ ਅਜੇ ਤੱਕ ਕੋਈ ਅਜੇਹੀ ਫੰਡ ਜਮ੍ਹਾਂ ਨਹੀਂ ਕੀਤੀ ਗਈ ਜਿਸ ਦੇ ਨਾਲ ਇਹ ਦੇਸ਼ ਦੇਸ਼ਾਤ੍ਰਾਂ ਵਿਚ ਅਪਨੇ ਉਪਦੇਸ਼ਕ ਭੇਜ ਕੇ ਅਪਨੇ ਧਰਮ ਦੀ ਉੱਨਤੀ ਕਰੇ।

ਦੂਸਰਾ ਅੱਜ ਤੱਕ ਇਸ ਕੌਮ ਵਿੱਚੋਂ ਇਕ ਭੀ ਅਜੇਹਾ ਕੁਰਬਾਨੀ ਕਰਨੇ ਵਾਲਾ ਪੁਰਖ ਨਹੀਂ ਪੈਦਾ ਹੋਇਆ, ਜਿਸ ਨੇ ਇਸ ਦੀ ਉੱਨਤੀ ਦਾ ਬੀੜਾ ਉਠਾ ਕੇ ਇਸ ਦੀ ਹਾਲਤ ਸੁਧਾਰੀ ਹੋਵੇ, ਫਿਰ ਇਸ ਕੌਮ ਵਿਚ ਅਜੇ ਤੱਕ ਕੋਈ ਗੁਰਦੁਆਰਾ ਇਸ ਤਰ੍ਹਾਂ ਦਾ ਨਹੀਂ ਹੈ, ਜਿਸ ਵਿਚ ਧਰਮ ਉੱਨਤੀ ਦੇ ਸਾਧਨ ਯਾ ਪ੍ਰਚਾਰ ਕੀਤੇ ਜਾਂਦੇ ਹਨ।ਜਿਸ ਕੌਮ ਦੀ ਇਹ ਹਾਲਤ ਹੋਵੇ, ਜਿਸ ਨੇ ਕਦੇ ਭੀ ਅਪਨੇ ਸੁਧਾਰ ਲਈ ਨਾ ਸੋਚਿਆ ਹੋਵੇ ਸੋ ਕੌਮ ਕਿਸ ਤਰ੍ਹਾਂ ਦੁਨੀਆਂ ਪਰ ਕਾਇਮ ਰਹ ਸਕਦੀ ਹੈ।ਇਸ ਵਾਸਤੇ ਐ ਖਾਲਸਾ ਕੌਮ !ਤੂੰ ਜਾਗ ਅਰ ਦੇਖ ਜੋ ਤੇਰੇ ਨਾਲ ਦੀਆਂ ਕੌਮਾਂ ਨੇ ਜਾਗ ਕੇ ਕਿਸ ਤਰ੍ਹਾਂ ਅਪਨੇ ਆਪ ਨੂੰ ਸੁਧਾਰ ਲੀਤਾ ?

(ਖ਼ਾਲਸਾ ਅਖ਼ਬਾਰ ਲਾਹੌਰ ੧੨ ਅਗਸਤ ੧੮੯੮ ਪੰਨਾ ੩)

# ਪੰਥ ਵਿਰੋਧੀ ਤਾਕਤਾਂ ਸਿੱਖਾਂ ਦੀ ਸ਼ਕਤੀ ਨੂੰ ਨਾ ਵੰਗਾਰਨ

ਗੁਰਪ੍ਰੀਤ ਸਿੰਘ
ਸੰਪਾਦਕ, ਖਾਲਸਾ ਅਖਬਾਰ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਅਸਥਾਨ ਹੈ ਇਹ ਸਿੱਖਾਂ ਦੀ ਆਸਥਾ ਦਾ ਕੇਂਦਰ ਹੈ ਵੱਖ-ਵੱਖ ਸਮਿਆਂ ਵਿੱਚ ਸਿੱਖਾਂ ਨੇ ਇਸ ਦੀ ਆਨ ਸ਼ਾਨ ਅਤੇ ਬਾਨ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੀ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਜਿਸ ਦੀ ਇੱਕ ਮਿਸਾਲ ਇੰਦਰਾ ਗਾਂਧੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਜੂਨ 1984 ਵਿੱਚ ਚੜਾਈਆਂ ਫੌਜਾਂ ਅਤੇ ਕੀਤੀ ਤਬਾਹੀ ਦੇ ਸਿੱਟੇ ਵਜੋਂ ਉਸ ਨੂੰ ਸੂਰਮੇ ਸਿੰਘਾਂ ਨੇ ਅਗਲੇ ਜਹਾਨ ਦਾ ਰਾਹ ਵਿਖਾ ਦਿੱਤਾ। ਪਿਛਲੇ ਦਿਨੀ ਹਰਿਮੰਦਰ ਸਾਹਿਬ ਵਿੱਚ ਏਆਈ ਤਕਨੀਕ ਦਾ ਇਸਤੇਮਾਲ ਕਰਕੇ ਜੋ ਕੁਝ ਜਾਨਵਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੜਦੇ ਅਤੇ ਖਰੂਦ ਕਰਦੇ ਵਿਖਾਏ ਗਏ ਹਨ ਉਹ ਪੰਥ ਵਿਰੋਧੀ ਤਾਕਤਾਂ ਦਾ ਬੇਹਦ ਘਿਨਾਉਣਾ ਵਰਤਾਰਾ ਹੈ ਸਿੱਖ ਇਸ ਗੱਲ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਕਿ ਉਹਨਾਂ ਦੀ ਆਸਥਾ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਏ. ਆਈ. ਤਕਨੀਕ ਨਾਲ ਬੇਅਦਬੀ ਹੋਵੇ। ਸਮੁੱਚੇ ਸਿੱਖ ਪੰਥ ਅਤੇ ਕੌਮ ਨੇ ਇਸ ਗੱਲ ਨੂੰ ਬੇਹਦ ਗੰਭੀਰਤਾ ਨਾਲ ਵਿਚਾਰਨ ਦਾ ਵੀ ਯਤਨ ਕੀਤਾ ਹੈ ਪ੍ਰੰਤੂ ਹਾਲੇ ਤੱਕ ਇਹਨਾਂ ਪੰਥ ਵਿਰੋਧੀ ਤਾਕਤਾਂ ਦਾ ਕੋਈ ਖੁਰਾ ਖੋਜ ਨਹੀਂ ਮਿਲ ਪਾਇਆ ਪਰ ਜੇ ਕਿਧਰੇ ਅਜਿਹੇ ਲੋਕਾਂ ਦਾ ਪਤਾ ਚੱਲ ਜਾਂਦਾ ਹੈ ਤਾਂ ਭਵਿੱਖ ਵਿੱਚ ਪੰਥ ਉਹਨਾਂ ਨੂੰ ਪੰਥਕ ਰਵਾਇਤਾਂ ਮੁਤਾਬਕ ਸਜ਼ਾ ਦੇਵੇਗਾ ।ਇਹ ਸਾਡੀ ਉਹਨਾਂ ਲੋਕਾਂ ਨੂੰ ਚੁਣੌਤੀ ਵੀ ਹੈ ਕਿ ਇਹ ਅਜਿਹੇ ਕਾਰੇ ਨਾ ਕਰਨ ਅਤੇ ਸਿੱਖਾਂ ਦੀ ਸ਼ਕਤੀ ਨੂੰ ਨਾ ਵੰਗਾਰਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲਾ ਸਥਾਨ ਹੈ ਅਤੇ ਇਹ ਸਿੱਖਾਂ ਦੇ ਨਾਲ ਪੂਰੀ ਦੁਨੀਆ ਦੀ ਸਾਂਝਾ ਕੇਂਦਰ ਹੈ ਹਰੇਕ ਵਿਅਕਤੀ ਨੂੰ ਸਿੱਖ ਧਰਮ ਦੇ ਇਸ ਪਵਿੱਤਰ ਸਥਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ।

### ਅਕਾਲ ਚਲਾਣੇ 'ਤੇ ਵਿਸ਼ੇਸ਼

# ਬਾਬਾ ਖੜਕ ਸਿੰਘ ਜੀ



ਬਾਬਾ ਖੜਕ ਸਿੰਘ ਜੀ ਦਾ ਜਨਮ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ ਸਰਦਾਰ ਹਰੀ ਸਿੰਘ ਦੇ ਘਰ ਹੋਇਆ।ਇਨ੍ਹਾਂ ਨੇ ਦਸਵੀਂ ਜਮਾਤ ਸਿਆਲਕੋਟ ਦੇ ਮਿਸ਼ਨ ਹਾਈ ਸਕੂਲ, ਐਫ.ਏ. ਸਥਾਨਕ ਮਰੇ ਸਕੂਲ ਅਤੇ ਬੀ.ਏ. ਗੌਰਮਿੰਟ ਕਾਲਜ ਲਾਹੌਰ ਤੋਂ ਕੀਤੀ। ਬਾਬਾ ਖੜਕ ਸਿੰਘ ਜੀ ਨੇ ਆਪਣਾ ਜਨਤਕ ਜੀਵਨ ਸਿੱਖ ਵਿੱਦਿਅਕ ਕਾਨਫਰੰਸ ਦੌਰਾਨ ਹੀ ਸ਼ੁਰੂ ਕੀਤਾ, ਜਦੋਂ ੧੯੧੨ ਈ. ਵਿਚ ਉਹ ਸਿਆਲਕੋਟ ਵਿਚ ਹੋਣ ਵਾਲੀ ਕੁੱਲ ਹਿੰਦ ਸਿੱਖ ਵਿੱਦਿਅਕ ਕਾਨਫਰੰਸ ਦੇ ਪੰਜਵੇਂ ਸਮਾਰੋਹ ਦੀ ਸੁਆਗਤੀ ਕਮੇਟੀ ਦੇ ਚੇਅਰਮੈਨ ਚੁਣੇ ਗਏ। ਜਲ੍ਹਿਆਂ ਵਾਲੇ ਬਾਗ ਦੇ ਕਤਲ-ਏ-ਆਮ ਤੋਂ ਬਾਅਦ ਇਹ ਸਿੱਖ ਰਾਜਨੀਤੀ ਵਿਚ ਸਰਗਰਮ ਹੋ ਗਏ।੧੯੨੦ ਈ. ਵਿਚ ਸਥਾਪਿਤ ਸੈਂਟਰਲ ਸਿੱਖ ਲੀਗ ਦੇ ਪ੍ਰਧਾਨ ਬਣੇ।੧੯੨੧ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ, ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਸ੍ਰੀ ਅੰਮ੍ਰਿਤਸਰ ਤੋਂ ਲੈਣ ਲਈ ਚਾਬੀਆਂ ਦਾ ਮੋਰਚਾ ਲਾਉਣਾ ਪਿਆ।੪ ਅਪ੍ਰੈਲ, ੧੯੨੨ ਈ. ਨੂੰ ਬਾਬਾ ਖੜਕ ਸਿੰਘ ਨੂੰ ਕਿਰਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜ਼ੁਰਮ ਵਿਚ ਫੜ੍ਹ ਲਿਆ ਗਿਆ।ਇਕ ਸਾਲ ਦੀ ਕੈਦ ਹੋਈ।ਡੇਰਾ ਗਾਜ਼ੀ ਖਾਂ ਦੀ ਜੇਲ੍ਹ ਵਿਚ ਜ਼ਬਰਦਸਤੀ ਕਾਲੀ ਪਗੜੀ ਉਤਾਰਨ ਦੇ ਵਿਰੋਧ ਵਿਚ ਸਿਵਾਏ ਕਛਹਿਰੇ ਦੇ ਸਾਰੇ ਬਸਤਰਾਂ ਦਾ ਤਿਆਗ ਕਰ ਦਿੱਤਾ ਅਤੇ ਸਾਰੀ ਕੈਦ ਨੰਗੇ ਧੜ ਹੀ ਕੱਟੀ।੪ ਜੂਨ, ੧੯੨੭ ਈ. ਨੂੰ ਰਿਹਾਅ ਹੋਏ। ੧੯੩੦ ਈ. ਵਿਚ ਬਾਬਾ ਖੜਕ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੁਬਾਰਾ ਪ੍ਰਧਾਨ ਚੁਣਿਆ ਗਿਆ।ਪਰ ਦੇਸ਼ ਵੰਡ ਤੋਂ ਬਾਅਦ ਇਕਲੌਤੇ ਪੁੱਤਰ ਦੀ ਮੌਤ ਹੋ ਗਈ ਤਾਂ ਬਾਬਾ ਖੜਕ ਸਿੰਘ ਜੀ ਨੇ ਰਾਜਨੀਤੀ ਤੋਂ ਇਕ ਪ੍ਰਕਾਰ ਦਾ ਸਥਾਈ ਸੰਨਿਆਸ ਹੀ ਲੈ ਲਿਆ ।੬ ੬ ਅਕਤੂਬਰ, ੧੯੬੩ ਈ. ਨੂੰ ਦਿੱਲੀ ਵਿਖੇ ੯੫ ਵਰ੍ਹਿਆਂ ਦੀ ਉਮਰ ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ।ਚਾਬੀਆਂ ਦੇ ਮੋਰਚੇ ਕਾਰਨ ਬਾਬਾ ਖੜਕ ਸਿੰਘ ਜੀ ਨੂੰ ਸਿੱਖ ਕੌਮ ਵਿਚ ਯਾਦ ਕੀਤਾ ਜਾਂਦਾ ਹੈ।

***ਡਾ. ਗੁਰਪ੍ਰੀਤ ਸਿੰਘ***




# ਬੀੜ ਬਾਬਾ ਬੁੱਢਾ ਸਾਹਿਬ ਪਿੰਡ ਠੱਟਾ

ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਲਾਕੇ ਝਬਾਲ ਕਲਾਂ ਦੇ ਨੇੜੇ ਪਿੰਡ ਠੱਟਾ ਦੀ ਹੱਦ 'ਚ ਪੈਂਦਾ ਪਾਵਨ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਸੁਸ਼ੋਭਿਤ ਹੈ। ਬੀੜ ਦਾ ਅਰਥ ਹੈਃ 'ਬਿਨਾਂ ਭੀੜ' ਭਾਵ ਕਿ ਉਹ ਥਾਂ ਜਿਥੇ ਬੰਦਿਆਂ ਦੀ ਬਹੁਤੀ ਭੀੜ ਨਾ ਹੋਵੇ, ਸਿਰਫ ਰੱਖ, ਬੂਟੇ, ਘਾਹ ਵਧੀਆ ਹੋਵੇ ਮਾਲ ਡੰਗਰ ਦੇ ਚਰਨ੍ਹ ਲਈ ਚਰਾਂਦਾ ਹੋਵੇ।ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੁਗਲ ਬਾਦਸ਼ਾਹ ਅਕਬਰ ਨੇ ਬੀੜ ਦਾ ਇਲਾਕਾ ਗੁਰੂ ਘਰ ਨੂੰ ਸੇਵਾ 'ਚ ਅਰਪਿਆ ਸੀ

ਨਾਭਾ ਜੀ ਅਨੁਸਾਰ ਪਹਿਲਾਂ ਇਲਾਕਾ ਬਹੁਤ ਜ਼ਿਆਦਾ ਸੀ ਪਰ ਅੰਗਰੇਜ਼ੀ ਰਾਜ ਆਉਣ ਸਮੇ ਸਿਰਫ 667 ਕਨਾਲਾਂ (ਕਰੀਬ 83ਕਿੱਲੇ) ਹੀ ਰਹਿ ਗਿਆ ।ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਸਮੇਂ ਤੋਂ ਹੀ ਬ੍ਰਹਮ ਗਿਆਨੀ ਧੰਨ ਬਾਬਾ ਬੁੱਢਾ ਸਾਹਿਬ ਜੀ ਬੀੜ 'ਚ ਰਹਿ ਕੇ ਖੇਤਾਂ 'ਚ ਸੇਵਾ ਕਰਦੇ, ਮਾਲ ਡੰਗਰ ਦੀ ਸਾਂਭ ਸੰਭਾਲ ਕਰਦੇ, ਦੁਧ ਆਦਿ ਚਵਾ ਕੇ ਗੁਰੂ ਕੇ ਲੰਗਰ 'ਚ ਭੇਜਦੇ ਰਹੇ।ਸਮਾਂ ਬੀਤਦਾ ਗਿਆ ਪੰਜਵੇਂ ਪਾਤਸ਼ਾਹ ਧੰਨ ਅਰਜਨ ਦੇਵ ਜੀ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ।ਸਤਿਗੁਰਾਂ ਦੇ ਨੰਦ ਕਾਰਜ ਨੂੰ ਕਾਫੀ ਸਮਾਂ ਬਤੀਤ ਗਿਆ ਪਰ ਘਰ 'ਚ ਕੋਈ ਔਲਾਦ ਨਹੀਂ ਸੀ। ਬਾਬਾ ਪ੍ਰਿਥੀ ਚੰਦ ਤੇ ਉਹਦੀ ਘਰਵਾਲੀ ਬੀਬੀ ਕਰਮੋ ਨੇ ਇਕ ਦਿਨ ਮਿਹਣਾ ਮਾਰਿਆ ਇਨ੍ਹਾਂ ਦੇ ਕਿਹੜਾ ਕੋਈ ਔਲਾਦ ਆ! ਅਖੀਰ ਨੂੰ ਸਭ ਕੁਝ ਸਾਡੇ ਕੋਲ ਹੀ ਆਉਣਾ!! ਇਸ ਗੱਲ ਦਾ ਜਦੋਂ ਮਾਤਾ ਗੰਗਾ ਜੀ ਨੂੰ ਪਤਾ ਲੱਗਾ ਤਾਂ ਉਹ ਬੜੇ ਉਦਾਸ ਹੋਏ। ਗੁਰਦੇਵ-ਪਤੀ ਜੀ ਕੋਲ ਬੇਨਤੀ ਕੀਤੀ ਕਿ ਤੁਸੀਂ ਸਾਰਿਆਂ ਦੀਆਂ ਝੋਲੀਆਂ ਭਰਦੇ ਹੋ, ਦਾਸੀ 'ਤੇ ਵੀ ਕਿਰਪਾ ਕਰੋ! ਹੁਣ ਤਾਂ ਸ਼ਰੀਕ ਵੀ ਮਿਹਣੇ ਮਾਰਨ ਲੱਗ ਪਏ ਨੇ!! ਨਾਲ ਸਾਰੀ ਗੱਲ ਦੱਸੀ।

ਸਤਿਗੁਰਾਂ ਨੇ ਕਿਹਾ ਧੰਨ ਬਾਬਾ ਬੁੱਢਾ ਜੀ ਜਿਨ੍ਹਾਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਸਤਿਗੁਰੂਆਂ ਦੇ ਦਰਸ਼ਨ ਕੀਤੇ ਹਨ, ਚਰਨਾਂ 'ਚ ਰਹਿ ਸੇਵਾ ਕਰ ਸਿੱਖੀ ਕਮਾਈ ਹੈ! ਤੁਸੀਂ ਉਨ੍ਹਾਂ ਦੇ ਕੋਲ ਜਾਉ! ਬੇਨਤੀ ਕਰੋ ਤੁਹਾਡੀ ਜ਼ਰੂਰ ਇੱਛਾ ਪੂਰੀ ਹੋਵੇਗੀ!!ਅਗਲੇ ਦਿਨ ਮਾਤਾ ਜੀ ਤਿਆਰੀ ਕਰ ਕੇ ਰੱਥ 'ਤੇ ਚੜ੍ਹ ਕੇ ਚੱਲ ਪਏ।ਬਾਬਾ ਬੁੱਢਾ ਸਾਹਿਬ ਬੀੜ 'ਚ ਸੇਵਾ ਕਰਵਾ ਰਹੇ ਸੀ, ਦੂਰੋਂ ਧੂੜ ਉੱਡਦੀ ਦੇਖ ਬਾਬਾ ਬੁੱਢਾ ਜੀ ਨੇ ਕਿਹਾ, 'ਏ ਧੂੜਾਂ ਕਾਹਦੀਆਂ ਉੱਠਦੀਆਂ ਨੇ ? ਨੇੜਿਓਂ ਇਕ ਸਿੱਖ ਨੇ ਦੱਸਿਆ, 'ਬਾਬਾ ਜੀ ਏ ਗੁਰੂ ਕੇ ਮਹਿਲ ਆ ਰਹੇ ਨੇ!' ਸੁਣ ਕੇ ਬਾਬਾ ਜੀ ਨੇ ਬਚਨ ਕਹੇ, 'ਗੁਰੂ ਕਿਆਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ!!' ...ਮਾਤਾ ਗੰਗਾ ਜੀ ਜਦੋਂ ਪਹੁੰਚੇ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਬੜੇ ਉਦਾਸ ਹੋ ਗਏ।ਫਿਰ ਵੀ ਬੇਨਤੀ ਕੀਤੀ ਤਾਂ ਬਾਬਾ ਬੁੱਢਾ ਜੀ ਨੇ ਕਿਹਾ ਸਾਰੇ ਖ਼ਜ਼ਾਨਿਆਂ ਦੇ ਮਾਲਕ ਗੁਰੂ ਅਰਜਨ ਦੇਵ ਜੀ ਨੇ ਮੈਂ ਤੇ ਨੌਕਰ ਹਾਂ।

ਮਾਤਾ ਜੀ ਨੇ ਦਰਸ਼ਨ ਕੀਤੇ ਤੇ ਉਦਾਸ ਚਲੇ ਗਏ। ਜਾ ਕੇ ਸਾਰੀ ਗੱਲ ਸਤਿਗੁਰਾਂ ਨੂੰ ਦੱਸੀ।ਮਹਾਰਾਜ ਨੇ ਕਿਹਾ, ਤੁਹਾਡੇ ਜਾਣ ਦਾ ਢੰਗ ਸਹੀ ਨਹੀਂ ਸੀ। ਜਦੋਂ ਵੱਡਿਆਂ ਕੋਲ ਜਾਈਏ ਤਾਂ ਇਸ ਤਰ੍ਹਾਂ ਨਹੀਂ ਜਾਈਦਾ। ਨੀਵੇਂ ਹੋ ਕੇ ਪਿਆਰ ਭਾਵ ਨਾਲ ਜਾਈਦਾ ਹੈ! ਫਿਰ ਆਪ ਸਤਿਗੁਰਾਂ ਸਾਰੀ ਜੁਗਤ ਦੱਸੀ ਕਿ, ਕੱਲ੍ਹ ਅੰਮ੍ਰਿਤ ਵੇਲੇ ਉੱਠਣਾ ਕੇਸੀਂ ਇਸ਼ਨਾਨ ਕਰ ਕੇ ਆਪ ਦਹੀਂ ਰਿੜਕ ਕੇ, ਲੱਸੀ ਤਿਆਰ ਕਰਨੀ, ਹਥੀਂ ਆਟਾ ਗੁੰਨ੍ਹ ਕੇ ਮਿੱਸੇ ਪ੍ਰਸ਼ਾਦੇ ਨਾਲ ਗੰਢਾਂ ਲੈ ਪੈਦਲ ਤੁਰ ਕੇ ਜਾਓ! ਮਾਤਾ ਜੀ ਨੇ ਅਗਲੇ ਦਿਨ ਇਸੇ ਤਰ੍ਹਾਂ ਸਾਰੀ ਤਿਆਰੀ ਕੀਤੀ।ਆਪ ਸਿਰ 'ਤੇ ਪ੍ਰਸ਼ਾਦਿਆਂ ਦਾ ਛਾਬਾ ਚੁੱਕ ਕੇ ਲੱਸੀ ਲੈ ਕੇ ਚੱਲੇ, ਨਾਲ ਇੱਕ ਦਾਸੀ ਲੈ ਲਈ। ਪਹੁੰਚਦਿਆਂ ਨੂੰ ਦਿਨ ਵਾਹਵਾ ਚੜ੍ਹ ਗਿਆ ਸੀ।ਬਾਬਾ ਬੁੱਢਾ ਜੀ ਨੇ ਮਾਤਾ ਜੀ ਨੂੰ ਦੂਰੋਂ ਆਉਂਦਿਆਂ ਦੇਖ ਕੇ ਅੱਗੇ ਹੋ ਕੇ ਪਰਸ਼ਾਦਿਆਂ ਵਾਲਾ ਛਾਬਾ ਲੁਹਾਇਆ ਤੇ ਨਾਲ ਬੋਲ ਕਹੇ ਜਦੋਂ ਪੁੱਤ ਨੂੰ ਭੁੱਖ ਲੱਗਦੀ ਆ ਤਾਂ ਮਾਂ ਨੂੰ ਹੀ ਪਤਾ ਲਗਦਾ, ਬਾਬਾ ਜੀ ਨੂੰ ਪ੍ਰਸ਼ਾਦਾ ਛਕਾਇਆ, ਬੜੇ ਖ਼ੁਸ਼ ਪਰਸ਼ਾਦਾ ਛਕਦਿਆਂ ਬਾਬਾ ਬੁੱਢਾ ਜੀ ਨੇ ਜਦੋਂ ਗੰਢੇ 'ਤੇ ਮੁੱਕੀ ਮਾਰੀ ਗੰਢੇ ਅੰਦਰਲੀ ਗੰਢੀ ਨਿਕਲ ਕੇ ਔਹ ਜਾ ਪਏ।ਹਸਦਿਆਂ ਹੋਇਆਂ ਬਚਨ ਕੀਤਾ ਮਾਂ ਤੁਹਾਡੇ ਘਰ ਇਸ ਤਰ੍ਹਾਂ ਦਾ ਸੂਰਬੀਰ ਯੋਧਾ ਪੈਦਾ ਹੋਵੇਗਾ ਜੋ ਆ ਗੰਢੇ ਵਾਂਗੂੰ ਦੁਸ਼ਟਾਂ ਦੇ ਸਿਰ ਭੰਨੇਗਾ ਉਸਦੇ ਬਲ ਨੂੰ ਰੋਕਣ ਵਾਲਾ ਕੋਈ ਨ ਹੋਊ!

ਤੁਮਰੇ ਗ੍ਰਿਹਿ ਪ੍ਰਗਟੇ ਗਾ ਯੋਧਾ। ਜਾਕਾ ਬਲ ਗੁਨ ਕਿੰਨਹੁ ਨ ਸੋਧਾ।

ਇਸ ਤਰ੍ਹਾਂ ਨਾਲ ਬਾਬਾ ਜੀ ਪ੍ਰਸ਼ਾਦਾ ਛਕੀ ਜਾਂਦੇ ਨੇ ਨਾਲ ਨਾਲ ਅਸੀਸਾਂ ਦੇਈ ਜਾਂਦੇ ਨੇ। ਬਾਬਾ ਬੁੱਢਾ ਸਾਹਿਬ ਜੀ ਦੀ ਅਸੀਸ ਲੈ ਕੇ ਮਾਤਾ ਗੰਗਾ ਜੀ ਘਰ ਆਏ ਸਤਿਗੁਰਾਂ ਨੂੰ ਦੱਸਿਆ ਤੁਹਾਡੀ ਕਿਰਪਾ ਨਾਲ ਬਾਬਾ ਜੀ ਤੋਂ ਅਸੀਸ ਮਿਲੀ।

ਬਾਬਾ ਬੁੱਢਾ ਸਾਹਿਬ ਜੀ ਨੇ 21 ਅੱਸੂ ਬਿਕਰਮੀ ਸੰਮਤ 1651 (1594 ਈ) ਮਾਤਾ ਗੰਗਾ ਜੀ ਨੂੰ ਪੁੱਤਰ ਦੀ ਅਸੀਸ ਦਿੱਤੀ ਸੀ।

ਇਸੇ ਦਿਨ ਦੀ ਯਾਦ ਵਿੱਚ ਅੱਜ ਵੀ ਹਰ ਸਾਲ ਬੀੜ ਬਾਬਾ ਬੁੱਢਾ ਸਾਹਿਬ ਦੋ ਦਿਨ 21 , 22 ਅੱਸੂ (ਕਦੇ 6,7 ਕਦੇ 7,8 ਅਕਤੂਬਰ ) ਨੂੰ ਸਾਲਾਨਾ ਜੋੜ ਮੇਲਾ ਹੁੰਦਾ ਹੈ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤ ਇਕੱਤਰ ਹੁੰਦੀ ਹੈ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਤੇ ਕਵੀਰਾਜ ਭਾਈ ਸੰਤੋਖ ਸਿੰਘ ਜੀ ਲਿਖਦੇ ਇਸ ਦਿਨ ਜੋ ਵੀ ਮਾਈ ਭਾਈ ਪਿਆਰ ਨਾਲ ਸੇਵਾ ਕਰ ਅਰਦਾਸ ਕਰੇ ਉਹਦੀ ਝੋਲੀਆਂ ਜ਼ਰੂਰ ਭਰਦੀਆਂ ਹਨ।

ਅੱਸੂ ਦਿਨ ਇੱਕਵੀਂ ਆਵੈ। ਜੋ ਇੱਛੇ ਸਈ ਵਰ ਪਾਵੈ।(ਗੁਰੁ ਬਿਲਾਸ ਪਾਤਸ਼ਾਹੀ :੬)

ਬਾਬਾ ਬੁੱਢਾ ਸਾਹਿਬ ਜੀ ਦੇ ਬਚਨਾਂ ਸਦਕਾ ਪੰਜਵੇਂ ਪਾਤਸ਼ਾਹ ਦੇ ਘਰ ਮਾਤਾ ਗੰਗਾ ਜੀ ਦੀ ਪਾਵਨ ਕੁੱਖੋਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਧੰਨ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਦਾ ਆਗਮਨ ਹੋਇਆ।

ਗੁਰੂ ਬਚਨ

ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥

ਬੀੜ ਸਾਹਿਬ ਬਾਬਾ ਬੁੱਢਾ ਜੀ ਦੀ ਯਾਦ 'ਚ ਸੋਹਣਾ ਅਸਥਾਨ ਬਣਿਆ ਹੋਇਆ ਹੈ, ਜਿਸ ਦੀ ਮੌਜੂਦਾ ਇਮਾਰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਬਣਵਾਈ ਸੀ।ਅੱਜ ਵੀ ਸੰਗਤ ਔਲਾਦ ਦੇ ਲਈ ਬੀੜ ਸਾਹਿਬ ਅਰਦਾਸਾਂ ਬੇਨਤੀਆਂ ਕਰਦੀ ਬਾਬਾ ਜੀ ਰਹਿਮਤ ਕਰਦੇ ਹਨ।

ਸਾਡੇ ਪਿੰਡ ਦੀ ਗੱਲ ਹੈ ਇਕ ਪਰਿਵਾਰ ਪਹਿਲਾਂ ਪੰਜ ਧੀਆਂ ਨੇ ਉਨ੍ਹਾਂ ਬੀੜ ਸਾਹਿਬ ਅਖੰਡ ਪਾਠ ਕਰਵਾਇਆ ਬੇਨਤੀ ਕੀਤੀ ਸਮੇਂ ਨਾਲ ਪੁੱਤਰ ਹੋਇਆ। ਗੁਰੂ ਦਾ ਭੇਜਿਆ ਜਾਣ ਉਨ੍ਹਾਂ ਨਾਮ ਹੀ ਗੁਰਭੇਜ ਸਿੰਘ ਰੱਖ ਦਿੱਤਾ ਉਹ ਮੇਰੇ ਨਾਲ ਦਸਵੀਂ ਤੱਕ ਪੜ੍ਹਦਾ ਰਿਹਾ।

ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ।

***ਮੇਜਰ ਸਿੰਘ (ਉਪ ਸੰਪਾਦਕ)***



# ਸ੍ਰੀ ਗੁਰੂ ਅੰਗਦ ਦੇਵ ਜੀ: ਗੁਰਮੁਖੀ ਲਿਪੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਨਵਧਰਮ ਦੀ ਸਥਾਪਨਾ ਕੀਤੀ ਸੀ, ਉਸ ਨੂੰ ਸਥਿਰਤਾ ਦੇਣ ਲਈ ਤੇ ਸਿੱਖੀ ਦੇ ਮਹਿਲ ਦੀ ਉਸਾਰੀ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ 14 ਜੂਨ, 1539 ਤੋਂ 29 ਮਾਰਚ, 1552 ਤਕ ਦੇ 13 ਸਾਲ ਦੇ ਸਮੇਂ ਵਿਚ ਕਈ ਮਹੱਤਵਪੂਰਨ ਕਾਰਜ ਕੀਤੇ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਗਰ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਬਾਣੀ ਨੂੰ ਸੰਭਾਲਣ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਇਕੱਠੇ ਕਰਨ, ਉਦਾਸੀ ਸੰਸਥਾ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਉਣ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਕੀਤੀ ਮਰਯਾਦਾ ਨੂੰ ਪੱਕਾ ਕਰਨ ਅਤੇ ਗੁਰਗੱਦੀ ਨੂੰ ਯੋਗ ਹੱਥਾਂ ਵਿਚ ਸੌਂਪਣ ਆਦਿ ਦੇ ਮਹੱਤਵਪੂਰਨ ਕਾਰਜ ਨਾ ਕਰਦੇ ਤਾਂ ਸਿੱਖਾਂ ਦੀ ਕੋਈ ਵੱਖਰੀ ਪਹਿਚਾਣ ਸ਼ਾਇਦ ਨਾ ਹੁੰਦੀ। ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਮਾਂ ਸਿੱਖੀ ਦੇ ਮਹਿਲ ਦੀ ਉਸਾਰੀ ਲਈ ਇਕ ਬਹੁਤ ਹੀ ਮਹੱਤਵਪੂਰਨ ਸਮਾਂ ਸੀ। ਸਿੱਖ ਲਹਿਰ ਨੂੰ ਅੱਗੇ ਤੋਰਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਕਾਰਜਾਂ ਨੂੰ ਅੱਗੇ ਤੋਰਨ ਲਈ ਅਤੇ ਉਨ੍ਹਾਂ ਦੇ ਮਹੱਤਵਪੂਰਨ ਕਾਰਜਾਂ ਵਿਚੋਂ ਗੁਰਮੁਖੀ ਭਾਸ਼ਾ ਪ੍ਰਤੀ ਉਠਾਏ ਕਦਮਾਂ ਦੀ ਬਹੁਤ ਹੀ ਮਹੱਤਤਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਸ਼ੇਸ਼ ਕਰਕੇ ਪੰਜਾਬ ਦੇ ਲੋਕ ਸਭਿਆਚਾਰਕ ਤੌਰ 'ਤੇ ਗ਼ੁਲਾਮ ਹੋ ਚੁੱਕੇ ਸਨ। ਮੁਸਲਮਾਨੀ ਸਭਿਆਚਾਰ ਦਾ ਲੋਕਾਂ ਦੇ ਜੀਵਨ 'ਤੇ ਬਹੁਤ ਗਹਿਰਾ ਪ੍ਰਭਾਵ ਸੀ ਜਿਸ ਦੇ ਨਤੀਜੇ ਵਜੋਂ ਲੋਕਾਂ ਦਾ ਖਾਣ-ਪਾਣ, ਧਰਮ, ਪਹਿਰਾਵਾ ਅਤੇ ਬੋਲੀ ਮੁਸਲਮਾਨੀ ਸਭਿਆਚਾਰ ਅਨੁਸਾਰ ਹੋ ਚੁੱਕੀ ਸੀ। ਲੋਕਾਂ ਦੀ ਸਭਿਆਚਾਰਕ ਗ਼ੁਲਾਮੀ ਦੀ ਪ੍ਰੋੜ੍ਹਤਾ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਕਥਨਾਂ ਤੋਂ ਹੁੰਦੀ ਹੈ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ (ਅੰਗ ੬੬੩)

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ (ਅੰਗ ੧੧੯੧)

ਸਨ। ਸੋ ਇਸ ਤਰ੍ਹਾਂ ਪੰਜਾਬ ਦੇ ਲੋਕ ਪਰਾਈ ਬੋਲੀ ਅਪਣਾ ਕੇ ਆਪਣਾ ਧਰਮ ਛੱਡੀ ਜਾ ਰਹੇ ਜਿਹੜੇ ਲੋਕ ਆਪਣੀ ਬੋਲੀ ਤੇ ਸਭਿਆਚਾਰ ਤੋਂ ਟੁੱਟ ਜਾਂਦੇ ਹਨ, ਉਹ ਗ਼ੁਲਾਮੀ ਦੀ ਦਲਦਲ ਵਿਚ ਫਸ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਇਸ ਸਭਿਆਚਾਰਕ ਗ਼ੁਲਾਮੀ ਤੋਂ ਸੁਚੇਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੋਕਾਂ ਦੀ ਸਭਿਆਚਾਰਕ ਸੁਤੰਤਰਤਾ ਲਈ ਇਕ ਬੜਾ ਮਹੱਤਵਪੂਰਨ ਕਾਰਜ ਕੀਤਾ ਤੇ ਉਹ ਸੀ ਲੋਕਾਂ ਨੂੰ ਆਪਣੀ ਭਾਸ਼ਾ ਵਿਚ ਧਰਮ ਦਾ ਗਿਆਨ ਦੇਣਾ ਤੇ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਗੁਰੂ ਜੀਵਨ ਨੂੰ ਪ੍ਰਦਾਨ ਕਰਨਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਪ੍ਰਸਾਰਣ ਲਈ ਗੁਰਬਾਣੀ ਦਾ ਪ੍ਰਚਾਰ ਜ਼ਰੂਰੀ ਸਮਝਿਆ ਅਤੇ ਲੋਕਾਂ ਨੂੰ ਸਿੱਖੀ ਨਾਲ ਜੋੜਨ ਲਈ ਤੇ ਗੁਰੂ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਜਨ-ਸਾਧਾਰਨ ਬੋਲੀ ਵਿਚ ਲਿਖਵਾਇਆ। ਉਨ੍ਹਾਂ ਨੇ ਗੁਰਮੁਖੀ ਪੜ੍ਹਨ ਅਤੇ ਪੜ੍ਹਾਉਣ ਉੱਤੇ ਬਹੁਤ ਜ਼ੋਰ ਦਿੱਤਾ। ਪੰਜਾਬ ਦੀ ਲੋਕ ਲਿੱਪੀ ਗੁਰਮੁਖੀ ਨੂੰ ਆਮ ਜਨਤਾ ਵਿਚ ਫੈਲਾਉਣ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਕ ਬਾਲ ਵਿਦਿਆਲਾ ਵੀ ਚਲਾਇਆ ਤਾਂ ਕਿ ਬਚਪਨ ਤੋਂ ਹੀ ਲੋਕ ਆਪਣੀ ਭਾਸ਼ਾ ਤੇ ਲਿਪੀ ਰਾਹੀਂ ਸਿੱਖੀ ਦੇ ਸਿਧਾਂਤਾਂ ਤੋਂ ਜਾਣੂ ਹੋ ਸਕਣ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੈਂਤੀ ਪੜ੍ਹਾਉਣ ਲਈ ਇਕ ਬਾਲ-ਬੋਧ ਵੀ ਲਿਖਿਆ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੈਂਤੀ ਅੱਖਰਾਂ ਦੀ ਕਾਢ ਕੀਤੀ ਪਰ ਗੁਰਬਾਣੀ ਦੀ ਰੋਸ਼ਨੀ ਵਿਚ ਇਹ ਵਿਚਾਰ ਠੀਕ ਨਹੀਂ ਜਾਪਦਾ, ਕਿਉਂਕਿ ਭਗਤ ਕਬੀਰ ਜੀ ਨੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਤੋਂ ਪਹਿਲਾਂ ਆਪਣੀ ਬਾਣੀ 'ਗਉੜੀ ਬਾਵਨ ਅੱਖਰੀ' ਅਤੇ ਆਸਾ ਰਾਗ ਵਿਚ ਰਚਿਤ ਬਾਣੀ 'ਪਟੀ' ਲਿਖੀ ਜਿਸ ਵਿਚ ਗੁਰਮੁਖੀ ਵਰਣ-ਮਾਲਾ ਦੇ ਅੱਖਰਾਂ ਦਾ ਵਰਣਨ ਉਚਾਰਨ ਸਹਿਤ ਦਿੱਤਾ ਹੈ, ਜਿਵੇਂ ਭਗਤ ਕਬੀਰ ਜੀ ਦਾ ਕਥਨ ਹੈ:

ਕਕਾ ਕਿਰਣਿ ਕਮਲ ਮਹਿ ਪਾਵਾ ॥
ਖਖਾ ਇਹੈ ਖੋੜਿ ਮਨ ਆਵਾ ॥
ਗਗਾ ਗੁਰ ਕੇ ਬਚਨ ਪਛਾਨਾ ॥ (ਅੰਗ ੩੪੦)

ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪਟੀ' ਵਿਚ ਪੈਂਤੀ ਅੱਖਰਾਂ ਦਾ ਉਲੇਖ ਉਚਾਰਨ ਸਹਿਤ ਵਰਣਨ ਇਸ ਤਰ੍ਹਾਂ ਮਿਲਦਾ ਹੈ:

ਉੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥
ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥
ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ (ਅੰਗ ੪੩੨)

ਅਸਲ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੇ ਪੈਂਤੀ ਅੱਖਰਾਂ ਦੀ ਕਾਢ ਨਹੀਂ ਕੱਢੀ, ਸਗੋਂ ਇਨ੍ਹਾਂ ਨੂੰ ਲੋਕਾਂ ਵਿਚ ਪ੍ਰਚਲਤ ਕੀਤਾ। 'ਗੁਰਮੁਖੀ ਲਿੱਪੀ ਦਾ ਵਿਕਾਸ' ਪੁਸਤਕ ਦੇ ਕਰਤਾ ਡਾ੍ ਲਾਇਟਨਰ ਦਾ ਵਿਚਾਰ ਹੈ ਕਿ 'ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰੋ. ਹਕਸਲੇ ਵਾਂਗ ਬੱਚਿਆਂ ਲਈ ਬਾਲਬੋਧ ਦੇ ਕਾਇਦੇ ਲਿਖੇ। ਨਾਲ ਹੀ ਉਨ੍ਹਾਂ ਨੇ ਵਰਣ-ਮਾਲਾ ਅਨੁਸਾਰ ਅਨੇਕਾਂ ਸਿਖਿਆਦਾਇਕ ਸਦਾਚਾਰਕ ਮਾਟੋ ਵੀ ਲਿਖੇ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਜਿਹੇ ਉਪਰਾਲੇ ਨੇ ਗੁਰਮਤਿ ਦੇ ਸਾਹਿਤ ਨੂੰ ਸੰਸਕ੍ਰਿਤ ਤੇ ਉਸ ਦੇ ਸੋਮਿਆਂ ਵੇਦਾਂ ਤੋਂ ਅੱਡ ਕਰ ਦਿੱਤਾ। ਗੁਰਮੁਖੀ ਸਿੱਖਾਂ ਨੂੰ ਹਮੇਸ਼ਾ ਇਹ ਯਾਦ ਕਰਵਾਉਂਦੀ ਰਹਿੰਦੀ ਸੀ ਕਿ ਜੋ ਗੁਰੂ ਦੇ ਮੁਖ ਤੋਂ ਨਿਕਲਿਆ ਹੈ, ਉਹ ਸ਼ਬਦ ਹੈ, ਬਾਣੀ ਹੈ ਤੇ ਬਾਕੀ ਸਭ ਕੁਝ ਕੱਚੀ ਤੇ ਕੂੜੀ ਬਾਣੀ ਹੈ। ਗੁਰੂ ਸਾਹਿਬ ਦੇ ਅਜਿਹੇ ਉਪਰਾਲੇ ਦੇ ਸਦਕਾ ਉਸ ਸਮੇਂ ਤੋਂ ਹੀ ਗੁਰਬਾਣੀ ਦੇ ਗੁਟਕੇ ਲਿਖ ਕੇ ਵੰਡਣ ਦਾ ਰਿਵਾਜ਼ ਪਿਆ ਤੇ ਅੱਗੇ ਜਾ ਕੇ ਇਹ ਰਹਿਤਨਾਮਿਆਂ ਦਾ ਇਕ ਜ਼ਰੂਰੀ ਅੰਗ ਬਣ ਗਿਆ ਕਿ ਹਰੇਕ ਸਿੱਖ ਜ਼ਿੰਦਗੀ ਵਿਚ ਘੱਟੋ-ਘੱਟ ਇਕ ਗੁਟਕਾ ਲਿਖੇ ਤੇ ਲਿਖਵਾ ਕੇ ਵੰਡੇ।'

ਅਸਲੀਅਤ ਇਹ ਹੈ ਕਿ ਇੰਜ ਸਿੱਖੀ ਦੀ ਜੜ੍ਹ ਇੰਨੀ ਮਜ਼ਬੂਤ ਹੋ ਗਈ ਕਿ ਕੋਈ ਇਸ ਨੂੰ ਹਿਲਾ ਨਾ ਸਕਿਆ। ਉਸ ਸਮੇਂ ਜਦੋਂ ਕਿ ਹਿੰਦੂ ਸਮਾਜ ਦੀ ਪ੍ਰਮਾਣੀਕ ਧਾਰਮਿਕ ਭਾਸ਼ਾ ਸੰਸਕ੍ਰਿਤ ਤੇ ਲਿੱਪੀ ਦੇਵਨਾਗਰੀ ਸੀ ਅਤੇ ਮੁਸਲਿਮ ਸਮਾਜ ਦੀ ਰਾਜ ਭਾਸ਼ਾ ਫ਼ਾਰਸੀ ਸੀ, ਉਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਮੁਖੀ ਲਿਪੀ ਅਤੇ ਪੰਜਾਬੀ ਬੋਲੀ ਵਿਚ ਸਿੱਖ ਸਿਧਾਂਤਾਂ ਤੇ ਗੁਰ-ਇਤਿਹਾਸ ਦਾ ਮੁੱਢ ਬੰਨ੍ਹਣਾ ਇਕ ਮਹਾਨ ਕਾਰਜ ਸੀ, ਜਿਸ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਇਕ ਵੱਖਰੀ ਧਾਰਮਕ ਤੇ ਸਭਿਆਚਾਰਕ ਪਛਾਣ ਦਿੱਤੀ।

ਇਸ ਨਾਲ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ ਉਪਰਾਲੇ ਸਦਕਾ ਬ੍ਰਾਹਮਣ ਜਗਤ ਨੂੰ ਇਕ ਤਕੜੀ ਸੱਟ ਵੱਜੀ। ਇਸ ਤੋਂ ਪਹਿਲਾਂ ਜਿਥੇ ਧਾਰਮਿਕ ਗਿਆਨ ਸੰਸਕ੍ਰਿਤ ਜਾਣਨ ਵਾਲਿਆਂ ਤਕ ਹੀ ਸੀਮਿਤ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਨਾਲ ਲੋਕਾਂ ਦੀ ਆਪਣੀ ਬੋਲੀ ਅਤੇ ਆਪਣੀ ਲਿਪੀ ਵਿਚ ਪ੍ਰਾਪਤ ਹੋਣਾ ਸੰਭਵ ਹੋਇਆ। ਸੋ ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਮੁਖੀ ਪ੍ਰਤੀ ਕੀਤੇ ਉਪਰਾਲੇ ਸਦਕਾ ਸਿੱਖ ਜਿਥੇ ਸਭਿਆਚਾਰਕ ਤੌਰ 'ਤੇ ਵਿਲੱਖਣ ਪਛਾਣ ਵਾਲੇ ਹੋਏ, ਉਥੇ ਉਨ੍ਹਾਂ ਨੂੰ ਆਪਣੇ ਗੁਰੂ ਦਾ ਗਿਆਨ ਆਪਣੀ ਬੋਲੀ ਵਿਚ ਉਪਲਬਧ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਦਕਾ ਹੀ ਲੋਕਾਂ ਨੂੰ ਪਹਿਲੀ ਵਾਰ ਆਪਣੀ ਬੋਲੀ ਤੇ ਆਪਣੀ ਲਿਪੀ ਵਿਚ ਧਰਮ ਦਾ ਗਿਆਨ ਪ੍ਰਾਪਤ ਹੋਇਆ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਰੋਕਤ ਉਪਰਾਲਿਆਂ ਨੇ ਇਕ ਸਭਿਆਚਾਰਕ ਕ੍ਰਾਂਤੀ ਦੀ ਨੀਂਹ ਰੱਖੀ।

**ਪ੍ਰਿੰ. ਸਵਰਨਜੀਤ ਸਿੰਘ**

# ਨਾਨਕ ਚਿੰਤਾ ਮਤਿ ਕਰਹੁ...

**ਸ. ਸੁਖਦੇਵ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਿੰਤ, ਚਿੰਤਾ, ਚਿੰਦ, ਚਿੰਦਾ, ਸਹਸਾ, ਸੰਸਾ, ਅੰਦੇਸਾ, ਅੰਦੋਹ, ਸੋਚ ਆਦਿ ਸ਼ਬਦਾਂ ਦੀ ਵਰਤੋਂ ਮਨੁੱਖੀ ਮਨ ਦੀ ਭਟਕਣ ਵਾਲੀ ਦੁੱਖ-ਭਰੀ ਅਵਸਥਾ ਨੂੰ ਬਿਆਨਣ ਲਈ ਕੀਤੀ ਗਈ ਹੈ। ਚਿੰਤਾ ਮਨੁੱਖੀ ਮਨ ਦਾ ਇਕ ਅਟੁੱਟ ਹਿੱਸਾ ਹੈ ਅਤੇ ਇਹ ਆਦਿ-ਕਾਲ ਤੋਂ ਹੀ ਇਸ ਦੇ ਨਾਲ ਤੁਰੀ ਆ ਰਹੀ ਹੈ। ਚਿੰਤਾ-ਰੋਗ ਕੋਈ ਨਵਾਂ ਰੋਗ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪਵਿੱਤਰ ਕਥਨ 'ਚਿੰਤਤ ਹੀ ਦੀਸੈ ਸਭੁ ਕੋਇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਵੀ ਦੁਨੀਆਂ ਚਿੰਤਾ ਵਿਚ ਸੀ। ਭਗਤ ਕਬੀਰ ਜੀ ਮਨ ਨੂੰ 'ਚਿੰਤਭਵਨ' ਹੋ ਗਿਆ ਦਸਦੇ ਹਨ। ਮਹਾਤਮਾ ਬੁੱਧ ਜੀ ਨੇ ਸੰਸਾਰ ਵਿਚੋਂ ਦੁੱਖ ਅਤੇ ਚਿੰਤਾ ਨੂੰ ਖ਼ਤਮ ਕਰਨ ਦਾ ਬੀੜਾ ਚੁੱਕਿਆ ਸੀ। ਆਪ ਜੀ ਦਾ ਸਮੁੱਚਾ ਫ਼ਲਸਫਾ 'ਚਿੰਤਾ' ਦੇ ਆਲੇ-ਦੁਆਲੇ ਹੀ ਘੁੰਮਦਾ ਹੈ। ਭਾਗਵਦ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਫਲ ਦੀ ਚਿੰਤਾ ਨਾ ਕਰਨ ਦੀ ਸਿੱਖਿਆ ਦਿੰਦੇ ਹਨ। ਈਸਾ ਜੀ ਨੂੰ ਇਕ ਅਜਿਹੇ ਪੈਗੰਬਰ ਮੰਨਿਆ ਜਾਂਦਾ ਹੈ ਜੋ ਮਨੁੱਖਾਂ ਦੇ ਦੁੱਖ-ਦਰਦ ਨੂੰ ਦੂਰ ਕਰਨ ਲਈ ਹੀ ਇਸ ਧਰਤੀ 'ਤੇ ਆਏ ਸਨ। ਜੀਵਨ ਦੁਖ-ਸੁਖ ਦਾ ਸੁਮੇਲ ਹੈ। ਦੁੱਖ ਦਾ ਮਿਲਣਾ ਅਤੇ ਸੁਖ ਦਾ ਨਾ ਮਿਲਣਾ ਦੋਵੇਂ ਹੀ ਮਨੁੱਖ ਨੂੰ ਦੁਖੀ ਕਰਦੇ ਹਨ। ਇਉਂ ਚਿੰਤਾਵਾਂ ਅਤੇ ਸੋਚਾਂ ਮਨੁੱਖ ਦੀ ਸਿਰਜਨਾ ਦੇ ਸਮੇਂ ਤੋਂ ਹੀ ਉਸ ਦੇ ਨਾਲ-ਨਾਲ ਹਨ।

ਅਜੋਕੇ ਸਮੇਂ ਵਿਚ ਚਿੰਤਾ ਵਿਸ਼ਾਲ ਅਤੇ ਤੀਬਰ ਰੂਪ ਅਖ਼ਤਿਆਰ ਕਰ ਗਈ ਹੈ। ਅੰਗਰੇਜ਼ੀ ਇਸ ਨੂੰ Tension ਅਤੇ ਹਿੰਦੀ ਵਿਚ 'ਤਨਾਵ' ਆਖਿਆ ਜਾ ਰਿਹਾ ਹੈ। ਮਨੁੱਖ ਨੇ ਕੁਦਰਤ ਵਿਚ ਮੌਜੂਦ ਪਏ ਰਹੱਸਾਂ ਨੂੰ ਖੋਜਣ ਦਾ ਭਰਪੂਰ ਜਤਨ ਕੀਤਾ ਹੈ। ਇਸ ਦੇ ਸਿੱਟੇ ਵਜੋਂ ਅਨੇਕਾਂ ਵਿਗਿਆਨਕ ਕਾਢਾਂ ਨਿਕਲੀਆਂ ਹਨ। ਮਨੁੱਖ ਦੀ ਜ਼ਿੰਦਗੀ ਸਹੂਲਤਾਂ ਨਾਲ ਭਰਪੂਰ ਹੋ ਗਈ ਹੈ। ਇਨ੍ਹਾਂ ਸਹੂਲਤਾਂ ਵਿਚ ਵਾਧਾ ਕਰਨ ਲਈ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਮਨੁੱਖ ਦੌੜ ਰਿਹਾ ਹੈ। ਉਸ ਦੀ ਇਸ ਦੌੜ ਨੇ ਉਸ ਦੀ ਜ਼ਿੰਦਗੀ ਨੂੰ 'ਚਿੰਤਾ ਦਾ ਘਰ' ਬਣਾ ਦਿੱਤਾ ਹੈ। ਉਹ ਸਿਰਫ ਆਪਣੇ ਸੁਖ ਲਈ ਹੀ ਨਹੀਂ ਦੌੜ ਰਿਹਾ ਸਗੋਂ ਇਸ ਲਈ ਵੀ ਦੌੜ ਰਿਹਾ ਹੈ ਕਿ ਦੂਜੇ ਉਸ ਤੋਂ ਇਸ ਦੌੜ ਵਿਚ ਅੱਗੇ ਨਾ ਲੰਘ ਜਾਣ। ਇਸ ਤਰ੍ਹਾਂ ਉਸ ਵਿਚ ਈਰਖਾ ਅਤੇ ਖ਼ੁਦਗਰਜ਼ੀ ਦੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ। ਉਸ ਦਾ ਲਾਲਚ ਵਧਦਾ ਹੈ। ਉਹ ਕਰੋਧੀ ਬਣ ਜਾਂਦਾ ਹੈ। ਦੋੜ ਵਿਚ ਅੱਗੇ ਲੰਘਣ ਲਈ ਉਹ ਦੋ ਨੰਬਰ ਦੇ ਧੰਦੇ ਕਰਦਾ ਹੈ। ਦਾਅ-ਪੇਚ, ਧੋਖਾ-ਦੇਹੀ, ਕਪਟ ਅਤੇ ਫਰੇਬ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਉਹ ਹਰ ਹੀਲੇ ਆਪਣੀ ਪ੍ਰਸਿੱਧੀ, ਅਮੀਰੀ ਅਤੇ ਤਾਕਤ ਵਿਚ ਵਾਧਾ ਕਰਨਾ ਚਾਹੁੰਦਾ ਹੈ। ਅਜਿਹਾ ਮਨੁੱਖ ਹੰਕਾਰੀ ਹੋ ਜਾਂਦਾ ਹੈ। ਰੱਬ ਉਸ ਨੂੰ ਯਾਦ ਨਹੀਂ ਰਹਿੰਦਾ। ਉਸ ਦੇ ਜੀਵਨ ਵਿਚ ਸ਼ਾਂਤੀ ਦਾ ਨਾਮੋ-ਨਿਸ਼ਾਨ ਵੀ ਨਹੀਂ ਹੁੰਦਾ। ਅਜਿਹੇ ਮਨੁੱਖਾਂ ਬਾਰੇ ਗੁਰੂ ਅਰਜਨ ਸਾਹਿਬ ਜੀ ਦਾ ਫ਼ਰਮਾਨ ਹੈ:

ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥ (ਅੰਗ ੧੮੮)

ਚਿੰਤਾ ਨੂੰ ਚਿਖਾ ਦੇ ਸਮਾਨ ਦਰਜਾ ਦਿੱਤਾ ਗਿਆ ਹੈ। 'ਚਿਖਾ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਚਿਤਾ ਤੋਂ ਹੀ ਬਣਿਆ ਹੈ। 'ਚਿਤਾ' ਅਤੇ ਚਿੰਤਾ ਸ਼ਬਦਾਂ ਵਿਚ ਫਰਕ ਵੀ ਤਾਂ ਕੇਵਲ ਇਕ ਟਿੱਪੀ ਦਾ ਹੀ ਹੈ! ਚਿਤਾ ਵਿਚ ਮਨੁੱਖ ਦੀ ਲਾਸ਼ ਸੜਦੀ ਹੈ ਅਤੇ ਚਿੰਤਾ ਵਿਚ ਮਨੁੱਖ ਦਾ ਜੀਵਨ ਸੜਦਾ ਹੈ। ਇਸ ਤਰ੍ਹਾਂ ਚਿੰਤਾ ਤਾਂ ਚਿਤਾ ਨਾਲੋਂ ਵੀ ਵੱਧ ਮਾਰੂ ਹੋਈ!

ਜਦੋਂ ਮਨੁੱਖ ਦੀ ਚਿੰਤਾ ਬਹੁਤ ਵਧ ਜਾਂਦੀ ਹੈ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਬੀਮਾਰੀਆਂ ਆ ਘੇਰਦੀਆਂ ਹਨ। ਉਂਜ ਤਾਂ ਚਿੰਤਾ ਖ਼ੁਦ ਹੀ ਇਕ ਰੋਗ ਹੈ ਪਰ ਇਹ ਇਕ ਅਜਿਹਾ ਰੋਗ ਹੈ ਜਿਹੜਾ ਹੋਰ ਕਈ ਰੋਗਾਂ ਨੂੰ ਆਪਣੇ ਨਾਲ ਲਿਆਉਂਦਾ ਹੈ। ਹਾਈ ਬਲੱਡ ਪ੍ਰੈਸ਼ਰ, ਸਿਰ-ਦਰਦ, ਦਿਮਾਗ ਦੀ ਨਾੜੀ ਦਾ ਫਟਣਾ, ਦਿਲ ਦੇ ਰੋਗ, ਪਾਚਣ-ਪ੍ਰਣਾਲੀ ਦੇ ਰੋਗ, ਸ਼ੱਕਰ ਰੋਗ ਆਦਿ ਖ਼ਤਰਨਾਕ ਬੀਮਾਰੀਆਂ ਦੀ ਜੜ੍ਹ ਹੈ ਇਹ ਚਿੰਤਾ ਦਾ ਰੋਗ! ਪਾਗਲਪਨ ਦੇ ਦੌਰੇ ਵੀ ਅਕਸਰ ਚਿੰਤਾ ਦਾ ਨਤੀਜਾ ਹੁੰਦੇ ਹਨ। ਦੁਰਘਟਨਾਵਾਂ, ਖ਼ੁਦਕਸ਼ੀਆਂ ਅਤੇ ਨਸ਼ਿਆਂ ਦੇ ਗ਼ੁਲਾਮ ਬਣਨ ਪਿੱਛੇ ਵੀ ਇਸ ਚਿੰਤਾ ਦਾ ਵੱਡਾ ਹੱਥ ਹੈ। ਹੋਮਿਉਪੈਥੀ ਵਿਚ ਤਾਂ ਹਰ ਸਰੀਰਕ ਰੋਗ ਦੇ ਨਾਲ ਸੰਬੰਧਿਤ ਮਾਨਸਕ ਲੱਛਣਾਂ ਨੂੰ ਸਭਤੋਂ ਪਹਿਲਾਂ ਦੇਖਿਆ ਜਾਂਦਾ ਹੈ। ਐਲੋਪੈਥੀ ਅਤੇ ਆਯੁਰਵੇਦ ਨਾਲ ਸੰਬੰਧਿਤ ਡਾਕਟਰ ਅਤੇ ਵੈਦ ਵੀ ਮਰੀਜ਼ ਦੀ ਮਾਨਸਿਕਤਾ ਬਾਰੇ ਜ਼ਰੂਰ ਸੋਚਦੇ ਹਨ। ਅੰਗਰੇਜ਼ੀ ਦੀ ਇਕ ਪ੍ਰਸਿੱਧ ਕਹਾਣੀ The Doctor's Word' ਵਿਚ ਮਰਨ-ਕੰਢੇ ਪਹੁੰਚਿਆ ਮਰੀਜ਼ ਡਾਕਟਰ ਦੇ ਉਤਸ਼ਾਹ ਭਰੇ ਸ਼ਬਦਾਂ ਨਾਲ ਮਾਨਸਕ ਤੌਰ 'ਤੇ ਏਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਉਹ ਤੰਦਰੁਸਤ ਹੋ ਜਾਂਦਾ ਹੈ। ਕਹਾਣੀ ਵਿਚਲੇ ਡਾਕਟਰ-ਪਾਤਰ ਨੂੰ ਇਹ ਦੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਉਹ ਮਰੀਜ਼ ਮੌਤ ਤੋਂ ਕਿਵੇਂ ਬਚ ਗਿਆ? ਇਹ ਕਹਾਣੀ ਇਹ ਸਾਬਤ ਕਰਦੀ ਹੈ ਕਿ ਮਨੁੱਖ ਨੂੰ ਚਿੰਤਾ ਵਿਚੋਂ ਕੱਢਣਾ, ਮੌਤ ਵਿਚੋਂ ਕੱਢਣਾ ਹੈ।

ਮਨੁੱਖ ਦੀ ਚਿੰਤਾ ਕਿਵੇਂ ਦੂਰ ਹੋਵੇ? ਸਮਾਜ ਵਿਚੋਂ ਚਿੰਤਾ, ਤਨਾਵ ਜਾਂ Tension ਨੂੰ ਕਿਵੇਂ ਦਰ ਕੀਤਾ ਜਾਵੇ? ਇਹ ਪ੍ਰਸ਼ਨ ਅੱਜ ਦੇ ਯੁੱਗ ਦੇ ਭਖਵੇਂ ਪ੍ਰਸ਼ਨ ਹਨ। ਗੁਰਬਾਣੀ ਵਿਚ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਭਲੀ-ਭਾਂਤ ਅਤੇ ਸਪਸ਼ਟ ਰੂਪ ਵਿਚ ਦਿੱਤਾ ਗਿਆ ਹੈ।

ਗੁਰੂ ਅੰਗਦ ਸਾਹਿਬ ਜੀ ਫ਼ਰਮਾਨ ਕਰਦੇ ਹਨ:

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ (ਅੰਗ ੯੫੫)

ਮਨੁੱਖ ਦੇ ਸਾਹਮਣੇ ਮੁੱਢਲੀ ਚਿੰਤਾ ਰੋਟੀ ਅਤੇ ਰੋਜ਼ੀ ਦੀ ਹੈ। ਦੁਨੀਆਂ ਦੇ ਬਹੁਤ ਸਾਰੇ ਮਨੁੱਖ ਆਪਣੀ ਇਸ ਚਿੰਤਾ ਪਿੱਛੇ ਹੀ ਦੌੜੇ ਫਿਰਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਸ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਸ ਨੂੰ ਇਸ ਦੇ ਪਾਲਣ ਦਾ ਵੀ ਫਿਕਰ ਹੈ। ਡੂੰਘੇ ਸਮੁੰਦਰਾਂ ਦੇ ਵਿਚ ਪੈਦਾ ਹੋਏ ਜੀਵਾਂ ਨੂੰ ਵੀ ਤਾਂ ਉਹ ਭੋਜਨ ਦਿੰਦਾ ਹੀ ਹੈ! ਇਸ ਲਈ ਮਨੁੱਖ ਨੂੰ ਆਪਣੀ ਰੋਟੀ-ਰੋਜ਼ੀ ਦੀ ਚਿੰਤਾ ਕਰਨ ਦੀ ਥਾਂ ਵਾਹਿਗੁਰੂ 'ਤੇ ਭਰੋਸਾ ਰਖਦੇ ਹੋਏ ਕਿਰਤ ਕਰਨੀ ਚਾਹੀਦੀ ਹੈ। ਵਾਹਿਗੁਰੂ ਨੇ ਹੱਥ-ਪੈਰ ਕਿਰਤ ਕਰਨ ਲਈ ਹੀ ਦਿੱਤੇ ਹਨ। ਗੁਰਬਾਣੀ ਵਿਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਦਾਤਾ ਕੇਵਲ ਤੇ ਕੇਵਲ ਇਕੋ ਹੈ ਅਤੇ ਉਹ ਹੈ ਸਰਬ-ਵਿਆਪੀ ਪਰਮਾਤਮਾ। ਮਨੁੱਖ ਰੋਟੀ-ਰੋਜ਼ੀ ਲਈ ਦੂਜੇ ਮਨੁੱਖ ਨੂੰ 'ਦਾਤਾ' ਸਮਝਣ ਦੀ ਗਲਤੀ ਕਰਦਾ ਹੈ। ਉਸ ਦੀ ਇਹੀ ਗਲਤੀ ਉਸ ਨੂੰ ਚਿੰਤਾ ਵਿਚ ਪਾਉਂਦੀ ਹੈ। ਉਹ ਸਾਰੀ ਉਮਰ ਅਜਿਹੇ ਦਾਤਾ ਸਮਝੇ ਜਾਣ ਵਾਲੇ ਮਨੁੱਖਾਂ ਦੀ ਖੁਸ਼ਾਮਦ ਵਿਚ ਹੀ ਲੱਗਾ ਰਹਿੰਦਾ ਹੈ। ਆਪਣੀ ਕਿਰਤ ਕਰਨ ਵਾਲਾ ਸਮਾਂ ਵੀ ਇਨ੍ਹਾਂ ਪਿੱਛੇ ਲਾ ਕੇ ਬਰਬਾਦ ਕਰ ਲੈਂਦਾ ਹੈ। ਵਾਹਿਗੁਰੂ ਨੂੰ ਛੱਡ ਕੇ ਉਹ ਇਨ੍ਹਾਂ ਵੱਡੇ ਲੋਕਾਂ ਦੀ ਚਾਪਲੂਸੀ ਵਿਚ ਹੀ ਆਪਣਾ ਜੀਵਨ ਵਿਅਰਥ ਗੁਆ ਦਿੰਦਾ ਹੈ।

ਰੋਟੀ-ਰੋਜ਼ੀ ਮਿਲ ਜਾਂਦੀ ਹੈ ਤਾਂ ਮਨੁੱਖ ਹੋਰ ਸਹੂਲਤਾਂ ਪ੍ਰਾਪਤ ਕਰਨ ਦੀ ਲੋਚਾ ਕਰਨ ਲੱਗਦਾ ਹੈ। ਉਸ ਨੂੰ ਆਪਣੀ ਤਰੱਕੀ ਦੀ ਚਿੰਤਾ ਹੋ ਜਾਂਦੀ ਹੈ। ਆਪਣੇ ਪਰਵਾਰ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਦੀ ਚਿੰਤਾ ਹੋ ਜਾਂਦੀ ਹੈ। ਉਸ ਨੂੰ ਇਹ ਵੀ ਚਿੰਤਾ ਹੋ ਜਾਂਦੀ ਹੈ ਕਿ ਉਹ ਆਪਣੇ ਮਰਨ ਤੋਂ ਪਹਿਲਾਂ ਪਰਵਾਰ ਨੂੰ ਵੱਧ ਤੋਂ ਵੱਧ ਜਾਇਦਾਦ ਬਣਾ ਕੇ ਦੇ ਜਾਵੇ। ਮਨੁੱਖ ਏਨੇ ਪੈਸੇ ਜੋੜਨਾ ਚਾਹੁੰਦਾ ਹੈ ਕਿ ਉਸ ਦੀਆਂ ਸੱਤ ਪੀੜ੍ਹੀਆਂ ਨੂੰ ਕੰਮ ਹੀ ਨਾ ਕਰਨਾ ਪਵੇ। ਉਪਰੋਕਤ ਦੋਵੇਂ ਅਵਸਥਾਵਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਇਸ ਪਵਿੱਤਰ ਫ਼ਰਮਾਨ ਵਿਚ ਬਿਆਨ ਕਰਦੇ ਹੋਏ ਇਨ੍ਹਾਂ ਤੋਂ ਬਚਣ ਦਾ ਸੰਦੇਸ਼ ਦਿੱਤਾ ਹੈ।

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ (ਅੰਗ ੧੦੧੯)

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਸ ਕੋਲ ਗੁਜ਼ਾਰੇ ਜੋਗੀ ਮਾਇਆ ਹੈ ਉਹ ਇਸ ਨੂੰ ਵਧਾਉਣ ਲਈ ਭਟਕੇ ਨਾ ਅਤੇ ਜਿਸ ਕੋਲ ਵਾਧ ਹੈ ਉਹ ਇਸ ਦੀ ਚਿੰਤਾ ਵਿਚ ਆਪਣਾ ਜੀਵਨ ਬਰਬਾਦ ਨਾ ਕਰੇ; ਉਸ ਨੂੰ ਹੋਰ ਵਧਾਉਣ ਲਈ ਠੱਗੀਆਂ ਨਾ ਮਾਰੇ, ਦੂਜਿਆਂ ਦੇ ਹੱਕ ਨਾ ਖੋਹੇ ਅਤੇ ਭ੍ਰਿਸ਼ਟ ਤਰੀਕੇ ਨਾ ਅਪਨਾਵੇ ਸਗੋਂ ਮਾਇਆ ਨੂੰ ਨੇਕ ਕੰਮਾਂ ਵਿਚ ਲਾ ਕੇ ਆਪਣਾ ਜੀਵਨ ਸਫ਼ਲਾ ਕਰੇ!

ਬੱਚਿਆਂ ਨੂੰ ਪੁੱਛ ਕੇ ਦੇਖ ਲਵੋ ਉਨ੍ਹਾਂ ਨੂੰ ਆਪਣੇ ਦਾਦਾ ਜਾਂ ਦਾਦੀ ਦੇ ਨਾਂ ਤਕ ਦਾ ਪਤਾ ਨਹੀਂ। ਪੜਦਾਦੇ ਜਾਂ ਪੜਦਾਦੀ ਦੇ ਨਾਂ ਦਾ ਪਤਾ ਹੋਣ ਬਾਰੇ ਤਾਂ ਸੋਚਿਆ ਵੀ ਨਹੀਂ। ਜਾ ਸਕਦਾ! ਫਿਰ ਅਜਿਹੀ ਹਾਲਤ ਵਿਚ ਮਨੁੱਖ ਆਪਣੀਆਂ ਸੱਤ ਪੀੜ੍ਹੀਆਂ ਬਾਰੇ ਕਿਉਂ ਸੋਚੇ? ਕਿਉਂ ਉਹ ਆਉਣ ਵਾਲੀਆਂ ਪੀੜ੍ਹੀਆਂ ਪਿੱਛੇ ਆਪਣੀ ਜਾਨ ਨੂੰ ਰੱਸੇ ਵੱਟਦਾ ਫਿਰੇ? ਕਿਸੇ ਨੇ ਉਸ ਦਾ ਸਾਥ ਨਹੀਂ ਦੇਣਾ! ਸਾਥ ਦੇਣਾ ਹੈ ਤਾਂ ਉਸ ਦੇ ਆਪਣੇ ਸ਼ੁਭ ਕਰਮਾਂ ਨੇ! ਸਾਥ ਦੇਣਾ ਹੈ ਉਸ ਸਮੇਂ ਨੇ ਜਿਹੜਾ ਉਸ ਨੇ ਵਾਹਿਗੁਰੂ ਦੀ ਯਾਦ ਵਿਚ ਲਾਇਆ ਹੋਵੇਗਾ!

ਗੁਰਬਾਣੀ ਵਿਚ ਮਨੁੱਖ ਨੂੰ ਸਹਿਜ-ਅਵਸਥਾ ਪ੍ਰਾਪਤ ਕਰਨ ਦਾ ਯਤਨ ਕਰਨ ਲਈ ਉਪਦੇਸ਼ ਦਿੱਤਾ ਗਿਆ ਹੈ। ਇਹ ਉਹ ਅਵਸਥਾ ਹੈ ਜਿਸ ਵਿਚ ਚਿੰਤਾ, ਦੁਬਿਧਾ, ਭਟਕਣ, ਸੋਚ, ਹਉਮੈ ਆਦਿ ਬੀਮਾਰੀਆਂ ਨਹੀਂ ਹੁੰਦੀਆਂ। ਇਸ ਅਵਸਥਾ ਨੂੰ ਪ੍ਰਾਪਤ ਕਰਨ ਦਾ ਇਕੋ-ਇਕ ਤਰੀਕਾ ਹੈ: ਪ੍ਰਭੂ ਨੂੰ ਮਨ ਵਿਚ ਵਸਾਉਣਾ। ਗੁਰੂ ਅਰਜਨ ਸਾਹਿਬ ਦਾ ਫ਼ਰਮਾਨ ਹੈ:

ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥ (ਅੰਗ ੧੮੬)

ਮਨੋਵਿਗਿਆਨਕ ਤੌਰ 'ਤੇ ਇਹ ਇਕ ਸਚਾਈ ਹੈ ਕਿ ਜਿਹੋ ਜਿਹੀ ਸਾਡੇ ਮਨ ਵਿਚ ਯਾਦ ਹੋਵੇਗੀ ਉਹੋ ਜਿਹੇ ਅਸੀਂ ਹੋ ਜਾਵਾਂਗੇ। ਚਿੰਤਾਵਾਨ ਮਨੁੱਖਾਂ ਦੀ ਯਾਦ ਮਨ ਵਿਚ ਵਸਾ ਕੇ ਅਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਚਿੰਤਾਵਾਨ ਹੀ ਹੋਵਾਂਗੇ। ਅਚਿੰਤ ਪ੍ਰਭੂ ਦੀ ਯਾਦ ਮਨ ਵਿਚ ਵਸਾਉਣ ਨਾਲ ਅਸੀਂ ਵੀ ਅਚਿੰਤਾ ਹੋ ਜਾਵਾਂਗੇ। 'ਚੜ੍ਹਦੀ ਕਲਾਂ ਨੂੰ ਮਾਇਆ, ਚੌਧਰ, ਤਾਕਤ ਜਾਂ ਪ੍ਰਸਿੱਧੀ ਨਾਲ ਖਰੀਦਿਆ ਨਹੀਂ ਜਾ ਸਕਦਾ। ਇਹ ਅਵਸਥਾ ਨਾ ਖਰੀਦਣ-ਯੋਗ ਹੈ ਅਤੇ ਨਾ ਵੇਚਣ-ਯੋਗ। ਸੰਜਮ, ਸਾਦਗੀ ਅਤੇ ਸੱਚੀ-ਸੁੱਚੀ ਕਿਰਤ ਵਾਲਾ ਜੀਵਨ ਹੀ ਚੜ੍ਹਦੀ ਕਲਾ ਦਾ ਜੀਵਨ ਹੋ ਸਕਦਾ ਹੈ। ਅਜਿਹੇ ਜੀਵਨ ਵਾਲਾ ਮਨੁੱਖ ਹੀ ਭਗਤ ਰਵਿਦਾਸ ਜੀ ਦੇ 'ਬੇਗਮ ਪੁਰਾ ਸਹਰ' ਦਾ ਵਾਸੀ ਹੋ ਸਕਦਾ ਹੈ। ਅਜਿਹਾ ਮਨੁੱਖ ਹੀ ਚਿੰਤਾ ਅਤੇ ਡਰ ਤੋਂ ਮੁਕਤ ਹੋ ਸਕਦਾ ਹੈ। ਸੋ ਆਉ, ਮਨੁੱਖਾਂ ਦੀ ਸ਼ਰਨ ਛੱਡ ਕੇ ਵਾਹਿਗੁਰੂ ਦੀ ਸ਼ਰਨ ਪਈਏ! ਆਪਣੇ ਜੀਵਨ ਦੀ ਚਿੰਤਾ ਉਸ ਵਾਹਿਗੁਰੂ 'ਤੇ ਛੱਡ ਦੇਈਏ! ਆਪਣੇ ਜੀਵਨ ਦੇ ਫ਼ਰਜ਼ਾਂ ਨੂੰ ਨੇਕ ਢੰਗ ਨਾਲ ਨਿਭਾਉਂਦੇ ਹੋਏ ਵਾਹਿਗੁਰੂ ਦੀ ਯਾਦ ਸਦਾ ਮਨ ਵਿਚ ਰੱਖੀਏ!

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜ੍ਹਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

**ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ**

**ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'**

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar